# ਗੋਦ ਲਏ ਗੀਤ

(ਗੀਤ ਸੰਗ੍ਰਹਿ)

ਲੇਖਕ : ਸੁਖਪਾਲ

ਪ੍ਰਕਾਸ਼ਕ:  ਪੰਜਾਬ ਲੋਕ ਸਭਿਆਚਾਰਕ ਮੰਚ
ਪ੍ਰਕਾਸ਼ਨ ਮਿਤੀ: 21 ਮਾਰਚ, 1993

ਇਹ ਪੀ ਡੀ ਐੱਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ ਹੈ ਅਤੇ ਇਸ ਨੂੰ ਬਣਾਉਣ ਲਈ ਇਸ ਕਿਤਾਬ ਦੇ ਲੇਖਕ ਸੁਖਪਾਲ ਕੋਲੋਂ ਇਜਾਜ਼ਤ ਲਈ ਗਈ ਹੈ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸੁਖਪਾਲ

# ਗੋਦ ਲਏ ਗੀਤ

# ਗੋਦ

# ਲਏ

# ਗੀਤ

ਸੁਖਪਾਲ

ਪੰਜਾਬ ਲੋਕ ਸਭਿਆਚਾਰਕ ਮੰਚ ਪ੍ਰਕਾਸ਼ਨ

ਪ੍ਰਕਾਸ਼ਨ ਮਿਤੀ :—21 ਮਾਰਚ, 1993

ਕੀਮਤ :
ਸਜਿਲਦ—15 ਰੁਪਏ
ਸਧਾਰਣ— 6 ਰੁਪਏ

ਸੰਪਰਕ ਲਈ ਪਤਾ :
ਦਫਤਰ 'ਸਰਦਲ'
ਪੋਸਟ ਬਾਕਸ ਨੰ: 24
ਫਗਵਾੜਾ (ਜ਼ਿਲ੍ਹਾ ਕਪੂਰਥਲਾ)

ਛਾਪਕ :
ਪਿਆਰਾ ਪ੍ਰਿੰਟਿੰਗ ਪ੍ਰੈਸ, ਲੁਧਿਆਣਾ



## ਸਮਰਪਣ

ਉਨ੍ਹਾਂ ਗੁਮਨਾਮ ਕਵੀਆਂ ਨੂੰ

ਜਿਨ੍ਹਾਂ ਦੇ ਗੀਤ

ਉਨ੍ਹਾਂ ਦੇ ਨਾਂਅ ਨਾਲੋਂ

ਤੇਜ਼ ਦੌੜੇ ।

# ਧੰਨਵਾਦ

ਇਹਨਾਂ ਗੀਤਾਂ ਦੀ ਤਲਾਸ਼ ਵਿਚ ਕਿਸੇ ਨਾ ਕਿਸੇ ਰੂਪ ਵਿਚ ਸਹਾਈ ਹੋਣ ਲਈ ਮੈਂ ਸਾਧੂ ਸਿੰਘ ਬਿਨਿੰਗ, ਹਰਿੰਦਰ ਸਿੰਘ ਮਾਹਿਲ ਅਤੇ ਗੁਰਨਾਮ ਸਿੰਘ ਸੰਘੇੜਾ ਦਾ ਧੰਨਵਾਦ ਕਰਦਾ ਹਾਂ। ਇੱਲ-ਕੁੱਕੜ ਮਾਰਕਾ ਲਿਖਾਈ ਵਿਚ ਲਿਖੇ ਮੇਰੇ ਖਰੜੇ ਨੂੰ ਕਿਤਾਬ ਦੀ ਸ਼ਕਲ ਵਿਚ ਢਾਲ ਕੇ ਲੋਕਾਂ ਤੱਕ ਪਹੁੰਚਾਉਣ ਲਈ ਮੈਂ ਪਲਸ ਮੰਚ ਦਾ ਸ਼ੁਕਰ ਗੁਜ਼ਾਰ ਹਾਂ।

—ਸੁਖਪਾਲ

## ਤਰਤੀਬ

ਇਸ ਪੁਸਤਕ ਬਾਰੇ/9-11
ਮਜ਼ਦੂਰ ਜਮਾਤ ਦੇ ਗੀਤ/13-22
**ਇਕ : ਸਮੁੰਦਰੋਂ ਪਾਰ**
ਕੌਮਾਂਤਰੀ ਗੀਤ/25-26
ਸਦੀਵੀ ਏਕਤਾ/27-28
ਹੁਣ ਆਫਤ ਵੀ ਨਾ ਰੋਕ ਸਕੇ/29
ਹੋਵਾਂਗੇ ਕਾਮਯਾਬ/30
ਯੂਨੀਅਨ ਦਾ ਹੋਕਾ/32
ਕਾਮਿਆਂ ਨੂੰ ਸੱਦਾ/33
ਰੋਟੀ ਤੇ ਦਰਵੇਸ਼/35
ਵਰਤਿਆ ਹੋਇਆ/38
ਲੋਕਾਂ ਦਾ ਐਲਾਨ/39
ਯੂਨੀਅਨ ਵਾਲੀ/40
ਆਦਿ ਵਾਸੀ/42
ਜੇ ਤੇਰੇ ਘਰ/44
**ਦੋ : ਸਰਹੱਦੋਂ ਪਾਰ**
ਮਿਹਨਤਕਸ਼-1/47
ਭਾਰਤ ਲੱਖ ਸਲਾਮ-1/49
ਭਾਰਤ ਲੱਖ ਸਲਾਮ-2/51
ਜਾਗੋ/52
ਜ਼ਮਾਨਾ ਬਦਲ ਰਿਹਾ/53
ਮਿਲ ਕੇ ਚੱਲੋ/54
ਸੰਗੀ ਸਾਥੀ/56
ਸ਼ੈਤਾਨ/58
ਮਿਹਨਤਕਸ਼-2/59
**ਤਿੰਨ : ਆਰ ਪਾਰ**
ਪਗੜੀ ਸੰਭਾਲ ਜੱਟਾ-1/63
ਸਰਫਰੋਸ਼ੀ ਕੀ ਤਮੰਨਾ/64
ਸ਼ਹੀਦੋਂ ਕੀ ਚਿਤਾਓਂ ਪੇ/65-
ਸ਼ਹੀਦਾਂ ਦੇ ਨਾਂਅ/67
ਮੈਨੂੰ ਨਫਰਤ ਹੈ/68
ਪਗੜੀ ਸੰਭਾਲ ਜੱਟਾ-2/69
**ਚਾਰ : ਦਰ ਦੁਆਰ**
ਕਿੱਸਾ ਪੰਜਾਬ/75

# ਇਸ ਪੁਸਤਕ ਬਾਰੇ

ਹਥਲੀ ਕਿਤਾਬ ਨੂੰ ਲਿਖਣ ਦੀ ਨੀਂਹ ਅਸਲ ਵਿਚ ਅੱਜ ਤੋਂ ਕੋਈ ਦਸ ਕ ਸਾਲ ਪਹਿਲਾਂ ਹੀ ਧਰੀ ਗਈ ਸੀ, ਜਦੋਂ ਅਸੀਂ ਪੰਜਾਬ ਲੋਕ ਸਭਿਆਚਾਰਕ ਮੰਚ ਦੀ ਉਸਾਰੀ ਵਿਚ ਰੁੱਝੇ ਹੋਏ ਸਾਂ। ਮੰਚ ਦੀ ਉਸਾਰੀ ਦੇ ਖਿਆਲ ਨੂੰ ਜ਼ਮੀਨ 'ਤੇ ਉਭਾਰਨ ਲਈ ਨਸਰਾਲੀ ਵਿਖੇ 14 ਮਾਰਚ 1982 ਨੂੰ ਪੰਜਾਬ ਸਭਿਆ-ਚਾਰਕ ਮੇਲਾ ਆਯੋਜਿਤ ਕੀਤਾ ਗਿਆ ਸੀ। ਇਸ ਮੇਲੇ ਵਿਚ ਪੰਜਾਬ ਦੀ ਇਕ ਇਨਕਲਾਬੀ ਧਿਰ ਨਾਲ ਸਬੰਧਤ ਸਾਥੀ ਸੰਪਾਦਕ ਨੇ ਆਪਣਾ ਪਰਚਾ ਮੇਰੇ ਹੱਥਾਂ ਵਿਚ ਥਮਾਉਂਦੇ ਹੋਏ ਮੇਰਾ ਬਿਆਨ ਉਸ ਪੰਨੇ ਵਲ ਦੁਆਇਆ ਸੀ ਜਿਸ ਵਿਚ ਯੋਜੀਨ ਪੋਤੀਏ ਦੇ "ਇੰਟਰਨੈਸ਼ਨਲ" ਦਾ ਪੰਜਾਬੀ ਵਿਚ "ਢੁੱਕਵਾਂ ਤੇ ਠੁੱਕਦਾਰ" ਤਰਜਮਾ ਕਰਕੇ ਪਰਚੇ ਨੂੰ ਭੇਜਣ ਲਈ ਪੰਜਾਬੀ ਲੇਖਕਾਂ ਨੂੰ ਵੰਗਾਰਿਆ ਗਿਆ ਸੀ। ਮੈਂ ਕੁੱਝ ਦਿਨਾਂ ਵਿਚ ਹੀ "ਇੰਟਰਨੈਸ਼ਨਲ" ਨੂੰ ਪੰਜਾਬੀ ਰੂਪ ਵਿਚ ਢਾਲ ਕੇ ਉਹਦੀ ਇਕ ਕਾਪੀ ਪਰਚੇ ਨੂੰ ਭੇਜ ਦਿਤੀ। ਪਰਚੇ ਦੇ ਅਗਲੇ ਅੰਕ ਵਿਚ ਛਪੇ ਕਈ ਤਰਜਮਿਆਂ ਵਿਚੋਂ ਮੇਰੇ ਵਾਲਾ ਗੈਰ ਹਾਜ਼ਰ ਸੀ। ਸੋ ਬੇਲੋੜਾ ਸਮਝਦੇ ਹੋਏ ਮੇਰੇ ਹੱਥਾਂ ਨੇ ਉਹਨੂੰ ਮੇਜ਼ ਤੋਂ ਚੁੱਕ ਕੇ ਰੱਦੀ ਦੀ ਟੋਕਰੀ ਵਿਚ ਸਰਕਾ ਦਿਤਾ। ਰੱਦੀ ਦੀ ਟੋਕਰੀ ਦੀ ਸਫਾਈ ਹੋਣ ਤੋਂ ਪਹਿਲਾਂ ਹੀ ਅਮੋਲਕ ਹੁਰਾਂ ਨੇ ਉਹਦੀ ਲੋੜ ਦਾ ਪ੍ਰਗਟਾਵਾ ਕਰ ਮਾਰਿਆ। ਇਸ ਪ੍ਰਗਟਾਵੇ ਸਦਕਾ ਇਹ ਗੀਤ ਰੱਦੀ ਦੀ ਟੋਕਰੀ 'ਚੋਂ ਉੱਠ ਕੇ ਪੰਜਾਬ ਦੀ ਫਿਜ਼ਾ ਵਿਚ ਅਨੇਕਾਂ ਵਾਰ ਗੂੰਜਣ ਤੋਂ ਬਾਅਦ ਇਸ ਪੁਸਤਕ ਦਾ ਪਹਿਲਾ ਗੀਤ ਬਣ ਬੈਠਾ ਹੈ।

ਪਿਛਲੇ ਦਹਾਕੇ ਦੌਰਾਨ ਮੇਰਾ ਵਾਹ ਕੁੱਝ ਐਸੇ ਗੀਤਾਂ ਨਾਲ ਪਿਆ ਜਿਹਨਾਂ ਨੇ ਮੇਰੇ ਮਨ ਵਿਚ ਇਛਿਆ ਪੈਦਾ ਕਰ ਦਿਤੀ ਕਿ ਉਹ ਮੇਰੇ ਲੋਕਾਂ ਵਿਚਕਾਰ ਜੀਅ ਸਕਣ। ਇਹਨਾਂ ਵਿਚੋਂ ਕਈ ਪ੍ਰਦੇਸੀ ਸਨ ਅਤੇ ਕਈ ਦੇਸ਼ ਵਿਚ ਪ੍ਰਦੇਸੀ ਹੋਏ ਬੈਠੇ ਸਨ। ਸੋ ਮੈਂ ਉਹਨਾਂ ਗੀਤਾਂ ਨੂੰ ਗੋਦ ਲੈ ਕੇ ਉਹਨਾਂ ਨੂੰ ਆਪਣੀ ਬੋਲੀ ਸਿਖਾਈ, ਆਪਣੀ ਸਮਝ ਦਾ ਚੋਗਾ ਚੁਗਾਇਆ, ਤੇ ਹੁਣ ਜਦੋਂ ਮੈਂ ਸਮਝਦਾ ਹਾਂ ਕਿ ਉਹ ਆਪਣੇ ਲੋਕਾਂ ਵਿਚ ਵਿਚਰਨ ਦੇ ਯੋਗ ਹੋ ਚੁੱਕੇ ਹਨ ਤਾਂ ਮੈਂ ਉਹਨਾਂ ਨੂੰ ਲੋਕ ਹਵਾ ਵਿਚ ਉਡਾਰੀਆਂ ਭਰਨ ਲਈ ਖੁੱਲ੍ਹੇ ਛੱਡ ਰਿਹਾ ਹਾਂ।

ਹੋ ਸਕਦਾ ਹੈ ਕਿ ਕਈ ਵਿਦਵਾਨਾਂ ਨੂੰ ਲੱਗੇ ਕਿ ਇਹਨਾਂ ਵਿਚੋਂ ਬਾਹਲੇ ਅਨੁਵਾਦ ਦੀਆਂ ਪ੍ਰਚੱਲਿਤ ਕਸੌਟੀਆਂ ਤੇ ਪੂਰੇ ਨਹੀਂ ਉਤਰਦੇ। ਸੋ ਇਹਨਾਂ ਨੂੰ ਪੰਜਾਬੀ ਵਿਚ ਢਾਲਦਿਆਂ ਜਿਸ ਕਸੌਟੀ ਦੀ ਵਰਤੋਂ ਮੈਂ ਕੀਤੀ ਹੈ, ਉਹਦਾ ਜਿਕਰ ਕਰਨਾ ਬਣਦਾ ਹੈ। ਇਹਨਾਂ ਵਿਚੋਂ ਹਰ ਇਕ ਗੀਤ ਦੀ ਆਪਣੀ ਮੌਲਿਕ ਭਾਸ਼ਾ ਵਿਚ ਮਹੱਤਤਾ ਸਰੋਤਿਆਂ ਦੇ ਦਿਲਾਂ ਵਿਚ ਇਕ ਵਿਸ਼ੇਸ਼ ਕਿਸਮ ਦਾ ਪ੍ਰਭਾਵ ਪੈਦਾ ਕਰਨ ਵਿਚ ਹੈ। ਇਹ ਪ੍ਰਭਾਵ ਹੀ ਇਹਨਾਂ ਗੀਤਾਂ ਦੀ ਰੂਹ ਹੈ। ਇਹਨਾਂ ਦੀ ਪੰਜਾਬੀ ਵਿਚ ਪੁਨਰ ਰਚਨਾ ਕਰਦੇ ਹੋਏ ਮੈਂ ਇਸ ਰੂਹ ਨੂੰ ਸਥਿਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਪ੍ਰਭਾਵ ਦੀ ਸਥਿਰਤਾ ਲਈ ਬਦਲੀਆਂ ਸਮਾਜਕ ਹਾਲਤਾਂ ਦੇ ਸੰਦਰਭ ਵਿਚ ਸ਼ਬਦ, ਬਿੰਬ, ਪ੍ਰਤੀਕ ਬਗੈਰਾ ਦਾ ਜ਼ਰੂਰਤ ਅਨੁਸਾਰ ਜੋੜ ਤੋੜ ਕਰਨ ਦੀ ਆਜ਼ਾਦੀ ਮਾਣੀ ਗਈ ਹੈ।

"ਕੌਮਾਂਤਰੀ ਗੀਤ" ਯੋਜੀਨ ਪੋਤੀਏ ਕੋਲੋਂ, "ਸਦੀਵੀ ਏਕਤਾ" ਤੇ "ਹੁਣ ਆਫਤ ਵੀ ਨਾ ਰੋਕ ਸਕੇ" ਰਾਲਫ ਚੈਪਲਿਨ ਕੋਲੋਂ, "ਹੋਵਾਂਗੇ ਕਾਮਯਾਬ" ਮਾਰਟਨ ਲੂਥਰਕਿੰਗ ਕੋਲੋਂ, "ਯੂਨੀਅਨ ਦਾ ਹੋਕਾ", "ਕਾਮਿਆਂ ਨੂੰ ਸੱਦਾ", ਤੇ "ਰੋਟੀ ਤੇ ਦਰਵੇਸ਼" ਜੋਅ ਹਿਲ ਕੋਲੋਂ, "ਵਰਤਿਆ ਹੋਇਆ" ਯੂਟਾਹ ਫਿਲਪ ਕੋਲੋਂ, "ਲੋਕਾਂ ਦਾ ਐਲਾਨ" ਬ੍ਰਿਟਿਸ਼ ਕੋਲੋਂ, "ਯੂਨੀਅਨ ਵਾਲੀ" ਵੁੱਡੀ ਗੱਥਰੀ ਕੋਲੋਂ, ਅਤੇ "ਆਦਿ ਵਾਸੀ" ਚੀਫ ਡੈਨ ਜੌਰਜ ਕੋਲੋਂ ਗੋਦ ਲਏ ਗਏ। "ਜੇ ਤੇਰੇ ਘਰ" ਗੀਨੀਆਂ ਬੀਸੋ ਤੋਂ ਆਇਆ ਹੈ ਅਤੇ ਮੌਲਿਕ ਕਵੀ ਦਾ ਨਾਮ ਗੁੰਮ ਹੈ। "ਕੌਮਾਂਤਰੀ ਗੀਤ" ਅਤੇ "ਜੇ ਤੇਰੇ ਘਰ" ਤੋਂ ਬਿਨਾਂ ਪਹਿਲੇ ਭਾਗ ਦੇ ਸਾਰੇ ਗੀਤਾਂ ਦੀ ਜਨਮ ਭੂਮੀ ਉਤਰੀ ਅਮਰੀਕਾ ਹੈ।

"ਮਿਹਨਤਕਸ਼" ਦੇ ਦੋਨੋਂ ਸੰਸਕਰਣ ਫੈਜ਼ ਅਹਿਮਦ ਫੈਜ਼ ਦੇ ਇਕ ਮੌਲਿਕ ਗੀਤ ਉਪਰ ਅਧਾਰਤ ਹਨ। ਦੂਜੇ ਭਾਗ ਦੇ ਬਾਕੀ ਸਾਰੇ ਗੀਤਾਂ ਦਾ ਆਧਾਰ ਪਾਕਿਸਤਾਨ 'ਚੋਂ ਆਈ ਗੀਤਾਂ ਦੀ ਇਕ ਕੈਸਿਟ ਹੈ ਜਿਸ ਵਿਚ ਰਚਣਹਾਰਿਆਂ ਦੇ ਨਾਵਾਂ ਦਾ ਜਿਕਰ ਨਹੀਂ।

ਬਰਤਾਨਵੀ ਸਾਮਰਾਜ ਦੇ ਵਿਰੁੱਧ ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਹਰਮਨ ਪਿਆਰੇ ਹੋਏ ਦੋ ਗੀਤਾਂ ਨੂੰ ਦੁਬਾਰਾ ਲਿਖਣ ਦਾ ਅਭਿਆਸ ਹੈ: "ਸਰਫਰੋਸ਼ੀ ਦੀ ਤਮੰਨਾ" ਅਤੇ "ਪਗੜੀ ਸੰਭਾਲ ਜੱਟਾ"। "ਸ਼ਹੀਦੋਂ ਕੀ



ਚਿਤਾਓਂ ਪੇ" ਇਕਬਾਲ ਦੀਆਂ ਮਕਬੂਲ ਲਾਈਨਾਂ "ਸ਼ਹੀਦੋਂ ਕੀ ਚਿਤਾਓਂ ਪੇ ਹਰ ਵਰਸ ਲਗੇਂਗੇ ਮੇਲੇ, ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ" ਵੱਲ ਮੇਰੀ ਦੋਸਤਾਨਾ ਪ੍ਰਤੀਕਿਰਿਆ ਹੈ। "ਵਤਨੋਂ ਦੂਰ" ਦੇ ਇਕ ਅੰਕ ਵਿਚ ਪੜ੍ਹਿਆ ਸੀ ਕਿ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਤੋਂ ਪ੍ਰਭਾਵਤ ਭਗਤ ਸਿੰਘ ਇਹ ਲਾਈਨਾਂ ਅਕਸਰ ਗੁਣਗੁਣਾਇਆ ਕਰਦਾ ਸੀ—ਉਹ ਸੂਰਤਾਂ ਓ ਰੱਬਾ ਕਿਸ ਦੇਸ ਨੇ ਵਸਦੀਆਂ, ਜਿਹਨਾਂ ਨੂੰ ਵੇਖਣ ਲਈ ਅੱਖੀਆਂ ਨੇ ਤਰਸ-ਦੀਆਂ। ਇਹਨਾਂ ਲਾਈਨਾਂ ਉਪਰ ਹੀ ਖੜਾ ਹੈ ਗੀਤ "ਸ਼ਹੀਦਾਂ ਦੇ ਨਾਂਅ"। ਕਾਲਜ ਦੇ ਦਿਨਾਂ ਵਿਚ ਆਪਣੇ ਪਿੰਡ ਦੇ ਇਕ ਮਜ਼ਦੂਰ ਸਾਥੀ ਨੰਜੂ ਕੋਲੋਂ ਉਹਦਾ ਇਕ ਮੌਲਿਕ ਗੀਤ ਸੁਣਿਆ ਸੀ ਜਿਹਦੀਆਂ ਦੋ ਲਾਈਨਾਂ ਅੱਜ ਵੀ ਮੇਰੇ ਦਿਮਾਗ ਦੇ ਇਕ ਯਾਦ-ਖਾਨੇ ਵਿਚ ਮਹਿਫੂਜ਼ ਹਨ—ਮੈਨੂੰ ਨਫਰਤ ਹੈ ਉਹਨਾਂ ਲੋਕਾਂ ਤੋਂ ਜੋ ਦਿਨ ਦੀਵੀਂ ਮੈਨੂੰ ਲੁੱਟਦੇ ਨੇ, ਮੈਨੂੰ ਤੋਲ ਕੇ ਨਾਲ ਸੰਗੀਨਾਂ ਦੇ ਮੇਰੇ ਖੂਨ ਦਾ ਭਾਅ ਵੀ ਪੁੱਛਦੇ ਨੇ। ਇਹਨਾਂ ਲਾਈਨਾਂ ਉਪਰ ਹੀ "ਮੈਨੂੰ ਨਫਰਤ ਹੈ" ਗੀਤ ਦੀ ਉਸਾਰੀ ਕੀਤੀ ਗਈ ਹੈ।

ਕਈ ਸਾਲ ਪਹਿਲਾਂ "ਪੰਜਾਬ ਨਾਟਕ ਕਲਾ ਕੇਂਦਰ" ਦੀ ਭੰਗੜਾ ਟੀਮ ਲਈ ਮੈਂ ਕੁੱਝ ਬੋਲ ਲਿਖੇ ਸਨ। ਉਹਨਾਂ ਬੋਲਾਂ ਅਤੇ "ਲੋਕ ਕਚਹਿਰੀ" ਵਿਚ ਛਪੇ ਮੇਰੇ ਗੀਤ "ਪੰਜਾਬ" ਉਪਰ ਅਧਾਰਤ ਹੈ "ਕਿੱਸਾ ਪੰਜਾਬ"। ਸੋ "ਕਿਸਾ ਪੰਜਾਬ" ਮੈਂ ਆਪਣੇ ਕੋਲੋਂ ਹੀ ਗੋਦ ਲਿਆ ਹੈ ਪਰ ਨਿਸ਼ਚੇ ਹੀ ਇਹ ਧਨੀ ਰਾਮ ਚਾਤ੍ਰਿਕ ਤੇ ਪ੍ਰੋਫੈਸਰ ਪੂਰਨ ਸਿੰਘ ਦੀ ਥਾਲੀ ਵਿਚੋਂ ਬੁਰਕ ਮਾਰ ਆਇਆ ਹੈ। ਇੰਝ ਮੈਂ ਹੋ ਲੈਣ ਦਿਤਾ ਹੈ ਕਿਉਂਕਿ ਮੇਰੇ ਪੰਜਾਬ ਦਾ ਕਿੱਸਾ ਉਹਨਾਂ ਦੇ ਪੰਜਾਬ ਤੋਂ ਹੀ ਸ਼ੁਰੂ ਹੁੰਦਾ ਹੈ।

ਮੈਂ ਇਸ ਕਿਤਾਬ ਨੂੰ ਇਸ ਕਿਸਮ ਦੀ ਇਕ ਮੁਕੰਮਲ ਅਤੇ ਕਾਰਗਰ ਕਿਤਾਬ ਲਿਖਣ ਦੀ ਮੇਰੀ ਇਛਿਆ ਦਾ ਇਕ ਪ੍ਰਗਟਾਵਾ ਮਾਤਰ ਹੀ ਸਮਝਦਾ ਹਾਂ। ਇਸ ਤਰਾਂ ਦੇ ਹੋਰ ਗੀਤਾਂ ਨੂੰ ਗੋਦ ਲੈਣ ਅਤੇ ਪਹਿਲਾਂ ਹੀ ਗੋਦ ਲਏ ਗੀਤਾਂ ਨੂੰ ਹੋਰ ਹੁਨਰਮੰਦ ਕਰਨ ਦੀ ਪ੍ਰਕਿਰਿਆ ਜਾਰੀ ਰਹੇਗੀ। ਇਸ ਸਬੰਧ ਵਿਚ ਪਾਠਕਾਂ ਦੇ ਸੁਝਾਵਾਂ ਤੇ ਹੋਰ ਹਰ ਤਰਾਂ ਦੀ ਮਦਦ ਦਾ ਖਿੜੇ ਮੱਥੇ ਸੁਆਗਤ ਕੀਤਾ ਜਾਏਗਾ।

**—ਸੁਖਪਾਲ**

# ਮਜ਼ਦੂਰ ਜਮਾਤ ਦੇ ਗੀਤ

ਪੰਜਾਬ ਦੀ ਅਗਾਂਹਵਧੂ ਲਹਿਰ, ਖਾਸ ਕਰ ਇਸ ਲਹਿਰ ਦੇ ਸਭਿਆਚਾਰਕ ਫਰੰਟ, ਨਾਲ ਗੂਹੜੇ ਸੰਬੰਧ ਰੱਖਣ ਵਾਲਾ ਪੰਜਾਬੀ ਕਵੀ ਸੁਖਪਾਲ, ਪਿਛਲੇ ਕੁੱਝ ਵਰਿਆਂ ਤੋਂ ਉਤਰੀ ਅਮਰੀਕਾ ਵਿਚ ਰਹਿ ਕੇ ਪੜ੍ਹਾਈ ਕਰ ਰਿਹਾ ਹੈ । ਯੂਨੀਵਰ-ਸਿਟੀਆਂ ਦੇ ਵੱਖਰੇ ਮਾਹੌਲ ਵਿਚ ਰਹਿੰਦਿਆਂ, ਆਪਣੀ ਵਿਗਿਆਨਕ ਖੋਜ ਦੇ ਨਾਲ ਨਾਲ ਉਹ ਆਪਣੇ ਲੋਕਾਂ ਦੀਆਂ ਜੱਦੋ-ਜਹਿਦਾਂ ਬਾਰੇ ਵੀ ਚਿੰਤਾਤੁਰ ਰਹਿੰਦਾ ਹੈ । ਆਪਣੇ ਲੋਕਾਂ ਦੇ ਸੰਘਰਸ਼ਾਂ ਪ੍ਰਤੀ ਉਸਦੀ ਇਸ ਸੋਚ ਦਾ ਨਤੀਜਾ ਉਸ ਦੀ ਇਹ ਹੱਥਲੀ ਕਿਤਾਬ ਹੈ ।

ਇਸ ਕਿਤਾਬ ਵਿਚ ਉਸਨੇ ਦੁਨੀਆਂ ਭਰ ਦੇ ਲੋਕਾਂ ਵਲੋਂ ਆਪਣੇ ਸੰਘਰਸ਼ਾਂ ਬਾਰੇ ਤੇ ਸੰਘਰਸ਼ਾਂ ਦੌਰਾਨ ਗਾਏ ਜਾਣ ਵਾਲੇ ਸਮੂਹ-ਗਾਨ ਇਕੱਠੇ ਕੀਤੇ ਹਨ । ਇਸ ਵਿਚ ਸ਼ਾਮਲ ਗੀਤ ਯੋਰਪ, ਉਤਰੀ ਅਮਰੀਕਾ, ਅਫਰੀਕਾ, ਪਾਕਿਸਤਾਨ ਤੇ ਭਾਰਤ ਵਿਚੋਂ ਲਏ ਗਏ ਹਨ । ਸੁਖਪਾਲ ਨੇ ਇਹ ਗੀਤ ਖੋਜ ਕਰਕੇ ਇਕੱਤਰ ਹੀ ਨਹੀਂ ਕੀਤੇ, ਇਹਨਾਂ ਨੂੰ ਪੰਜਾਬੀ ਬੋਲੀ ਵਿਚ ਇਸ ਅੰਦਾਜ਼ ਵਿਚ ਅਨੁਵਾਦਿਆ ਹੈ ਕਿ ਉਹ ਪੰਜਾਬ ਦੇ ਲੋਕਾਂ ਦੀ ਜ਼ਬਾਨ ਤੇ ਸਹਿਜਿਆਂ ਹੀ ਚੜ੍ਹ ਸਕਣ । ਆਪਣੀ ਇਸ ਨਵੇਕਲੀ ਕੋਸ਼ਿਸ਼ ਨੂੰ ਉਸਨੇ "ਗੋਦ ਲਏ ਗੀਤ" ਆਖਿਆ ਹੈ ।

ਦੁਨੀਆਂ ਦੇ ਹਰ ਸਭਿਆਚਾਰ ਵਿਚ ਲੋਕਾਂ ਦੇ ਸਮੂਹ-ਗਾਨ ਪ੍ਰਚਲਤ ਹਨ । ਇਹਨਾਂ ਸਾਂਝੇ ਗਾਏ ਜਾਣ ਵਾਲੇ ਗੀਤਾਂ ਵਿਚੋਂ ਬਹੁਤੇ ਲੋਕਾਂ ਦੇ ਜੀਵਨ ਵਿਚਲੇ ਸੰਘਰਸ਼ਾਂ ਦੀ ਉਪਜ ਹੁੰਦੇ ਹਨ । ਲੋਕ ਜਦ ਵੀ ਇਕੱਠੇ ਹੋ ਕੇ ਕੁਦਰਤ ਦੀਆਂ ਤਾਕਤਾਂ ਵਿਰੁੱਧ ਜਾਂ ਮਨੁੱਖਾਂ ਵਲੋਂ ਦੂਜੇ ਮਨੁੱਖਾਂ ਨੂੰ ਦਬਾਅ ਕੇ ਰੱਖਣ ਵਾਲੇ ਕਿਸੇ ਪ੍ਰਬੰਧ, ਸੋਚ ਜਾਂ ਨਿਜ਼ਾਮ ਵਿਰੁੱਧ ਜੂਝਦੇ ਹਨ, ਤਾਂ ਉਹਨਾਂ ਦੇ ਇਹਨਾਂ ਘੋਲਾਂ ਵਿਚੋਂ ਸਾਂਝੇ ਤੌਰ ਤੇ ਗਾਏ ਜਾਣ ਵਾਲੇ ਗੀਤ ਜਨਮ ਲੈਂਦੇ ਹਨ । ਇਹ ਗੀਤ ਲੋਕਾਂ ਨੂੰ ਸੰਘਰਸ਼ ਲਈ ਤਿਆਰ ਕਰਦੇ ਹਨ ਤੇ ਜੱਦੋ-ਜਹਿਦ ਦੌਰਾਨ ਉਹਨਾਂ ਨੂੰ ਡਟੇ ਰਹਿਣ ਦੀ ਸ਼ਕਤੀ ਦਿੰਦੇ ਹਨ । ਜਿੱਤ ਵੇਲੇ ਲੋਕ ਖੁਸ਼ੀ ਵਿਚ ਗਾਉਂਦੇ ਹਨ ਅਤੇ ਹਾਰਨ ਵੇਲੇ ਆਪਣੇ ਆਪ ਨੂੰ ਦੋਬਾਰਾ ਤਿਆਰ ਕਰਨ ਲਈ ਗਾਉਂਦੇ ਹਨ । ਇਹਨਾਂ ਗੀਤਾਂ ਵਿਚ ਲੋਕਾਂ ਦੀਆਂ ਖੁਸ਼ੀਆਂ, ਗਮੀਆਂ, ਬਹਾਦਰੀਆਂ ਤੇ ਕੀਤੇ ਸੰਘਰਸ਼ਾਂ ਦੇ ਵੇਰਵੇ ਹੁੰਦੇ ਹਨ ।

ਪਹਿਲਾਂ ਕਿਉਂਕਿ ਬਹੁਤੀਆਂ ਲੋਕ ਲਹਿਰਾਂ ਦੀ ਵਿਚਾਰਧਾਰਾ ਧਾਰਮਿਕ ਹੁੰਦੀ ਸੀ ਇਸੇ ਕਰਕੇ ਉਹਨਾਂ ਲਹਿਰਾਂ ਦੇ ਬਹੁਤੇ ਸਮੂਹ-ਗਾਨ ਵੀ ਧਾਰਮਿਕ ਹੀ ਹੁੰਦੇ ਸਨ ਜੋ ਅਜੇ ਵੀ ਪ੍ਰਚਲਤ ਹਨ। ਹਰ ਧਰਮ ਵਿਚ ਅਨੇਕਾਂ ਇਹੋ ਜਿਹੇ ਸ਼ਬਦ, ਕੀਰਤਨ ਹਨ ਜੋ ਲੋਕ ਇਕੱਠੇ ਹੋ ਕੇ ਗਾਉਂਦੇ ਹਨ। ਵਖਰੇ ਵਖਰੇ ਧਰਮਾਂ ਵਿਚਲੇ ਇਹਨਾਂ ਗੀਤਾਂ ਵਿਚ ਧਾਰਮਿਕ ਅੰਸ਼ ਦੇ ਨਾਲ ਨਾਲ ਜਿਹੜੀ ਚੀਜ਼ ਸਾਂਝੀ ਹੁੰਦੀ ਹੈ ਉਹ ਲੋਕਾਂ ਵਿਚ ਹਾਲਤ ਵਿਰੁੱਧ ਜੂਝਣ ਲਈ ਸ਼ਕਤੀ ਪ੍ਰਦਾਨ ਕਰਨੀ ਹੁੰਦੀ ਹੈ। ਅਮ-ਰੀਕਾ ਦੇ ਕਾਲੇ ਗੁਲਾਮਾਂ ਦੇ ਅਨੇਕਾਂ ਧਾਰਮਿਕ ਗੀਤ ਇਸ ਗੱਲ ਦੀ ਉਦਾਹਰਣ ਹਨ।

ਅੱਜ ਦੇ ਸਨਅਤੀ ਸਮਾਜ ਵਿਚ ਲੋਕ ਜੋ ਸਾਂਝੇ ਗੀਤ ਚਿਤਵਦੇ ਹਨ ਉਹ ਧਾਰਮਿਕ ਨਹੀਂ ਹੁੰਦੇ। ਇਹਨਾ ਗੀਤਾਂ ਵਿਚ ਹਾਲਾਤ ਨੂੰ ਠੀਕ ਤਰ੍ਹਾਂ ਸਮਝਣ ਵਾਲੀ ਅਤੇ ਹਾਲਾਤ ਨਾਲ ਟੱਕਰ ਲੈਣ ਵਾਲੀ ਨਵੀਂ ਚੇਤਨਾ ਹੁੰਦੀ ਹੈ। ਕਿਸੇ ਗੈਬੀ ਤਾਕਤ 'ਤੇ ਟੇਕ ਰੱਖਣ ਦੀ ਥਾਂ ਆਪਣੀ ਸ਼ਕਤੀ ਦੇ ਬਲਬੂਤੇ ਜੱਦੋ-ਜਹਿਦ ਕਰਨ ਦਾ ਸੰਦੇਸ਼ ਹੁੰਦਾ ਹੈ। ਇਹ ਗੀਤ ਲੋਕਾਂ ਨੂੰ ਸਾਂਝੇ ਤੌਰ 'ਤੇ ਹੱਕਾਂ ਦੇ ਸੰਘਰਸ਼ ਵਿਚ ਯਕੀਨ ਬੰਨ੍ਹਣ ਲਈ ਸਹਾਈ ਹੁੰਦੇ ਹਨ ਅਤੇ ਸੰਘਰਸ਼ ਕਰਨ ਲਈ ਸ਼ਕਤੀ ਪ੍ਰਦਾਨ ਕਰਦੇ ਹਨ। ਇਹਨਾਂ ਗੀਤਾਂ ਵਿਚ ਲੋਕ ਸ਼ਕਤੀ ਦਾ ਪ੍ਰਗਟਾਅ ਹੁੰਦਾ ਹੈ, ਮਨੁੱਖ ਦੀ ਦੂਜੇ ਮਨੁੱਖਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੂਝਣ ਦੀ ਖਾਹਿਸ਼ ਦਾ ਵਿਖਾਵਾ ਹੁੰਦਾ ਹੈ।

ਕਿਸੇ ਵੀ ਜੱਦੋ-ਜਹਿਦ ਦੀ ਕਾਮਯਾਬੀ ਲਈ ਲੋਕਾਂ ਦਾ ਜਜ਼ਬਾਤੀ ਤੌਰ ਤੇ ਉਸ ਲਹਿਰ ਨਾਲ ਜੁੜੇ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਗੀਤ ਇਸ ਕੰਮ ਲਈ ਸਹਾਈ ਹੁੰਦੇ ਹਨ, ਕਿਉਂਕਿ ਗੀਤ ਮਨੁੱਖ ਦੇ ਜਜ਼ਬਿਆਂ ਨੂੰ ਪ੍ਰਗਟਾਉਂਦੇ ਹਨ ਅਤੇ ਜਜ਼ਬਿਆਂ ਨੂੰ ਹੀ ਮੁਖਾਤਬ ਹੁੰਦੇ ਹਨ। ਲੋਕ ਇਕੱਠੇ ਹੋ ਕੇ ਜਲਸਿਆਂ ਵਿਚ ਸਾਂਝੇ ਗੀਤ ਗਾਉਂਦੇ ਹਨ, ਜਲੂਸਾਂ ਵਿਚ ਸਾਂਝੇ ਗੀਤਾਂ ਤੇ ਸਾਂਝੀਆਂ ਧੁੰਨਾਂ 'ਤੇ ਮਾਰਚ ਕਰਦੇ ਹਨ। ਇਹਦੇ ਨਾਲ ਉਹਨਾਂ ਵਿਚ ਲਹਿਰ ਪ੍ਰਤੀ ਹੀ ਨਹੀਂ ਸਗੋਂ ਇਕ ਦੂਜੇ ਪ੍ਰਤੀ ਮਨੁੱਖੀ ਏਕਤਾ ਹੋਰ ਵੀ ਗੂਹੜੀ ਹੁੰਦੀ ਹੈ ਜੋ ਉਹਨਾਂ ਦੇ ਹੱਕਾਂ ਦੀ ਲੜਾਈ ਲਈ ਅਤਿ ਲੋੜੀਂਦੀ ਹੁੰਦੀ ਹੈ।

ਦੁਨੀਆਂ ਦੇ ਹੋਰ ਲੋਕਾਂ ਵਾਂਗ ਪੰਜਾਬ ਦੇ ਲੋਕ ਵੀ ਆਪਣੇ ਹੱਕਾਂ ਲਈ ਜੂਝਣਾਂ ਜਾਣਦੇ ਹਨ ਅਤੇ ਆਪਣੇ ਹੱਕਾਂ ਦੀਆਂ ਇਹਨਾਂ ਜੱਦੋ-ਜਹਿਦਾਂ ਵਿਚ ਉਹ ਵੀ ਹੋਰ



ਲੋਕਾਂ ਵਾਂਗ ਰਲ ਕੇ ਗੀਤ ਰਚਦੇ ਹਨ ਤੇ ਗਾਉਂਦੇ ਹਨ। ਇਸ ਹੱਥਲੀ ਪੁਸਤਕ ਵਿਚ ਸ਼ਾਮਲ ਪੰਜਾਬੀ ਗੀਤ ਇਸ ਗੱਲ ਦੀ ਗਵਾਹੀ ਹਨ।

ਪਰ ਕਿਉਂਕਿ ਪੰਜਾਬ ਵਿਚ ਸਨਅਤ ਅਜੇ ਉਸ ਹੱਦ ਤੱਕ ਸਥਾਪਤ ਨਹੀਂ ਹੋਈ ਜਿਸ ਹੱਦ ਤੱਕ ਯੂਰਪ ਜਾਂ ਖਾਸ ਕਰ ਉਤਰੀ ਅਮਰੀਕਾ ਵਿਚ ਹੋ ਚੁੱਕੀ ਹੈ, ਇਸ ਕਰਕੇ ਪੰਜਾਬ ਦੀਆਂ ਮਜ਼ਦੂਰ ਲਹਿਰਾਂ ਵਿਚ ਸਾਂਝੇ ਗੀਤ ਗਾਉਣ ਦੀ ਰਵਾ-ਇਤ ਉਤਰੀ ਅਮਰੀਕਾ ਦੇ ਮਜ਼ਦੂਰਾਂ ਨਾਲੋਂ ਅਜੇ ਵੱਖਰੀ ਤਰਾਂ ਦੀ ਹੈ, ਸ਼ਾਇਦ ਵੱਖਰੇ ਪੜਾਅ ਤੇ ਹੈ। ਕੈਨੇਡਾ, ਅਮਰੀਕਾ ਵਿਚ ਰਹਿ ਕੇ ਕੰਮ ਕਰਨ ਵਾਲੇ ਪੰਜਾਬੀ ਜਿਹਨਾਂ ਦਾ ਮਜ਼ਦੂਰ ਯੂਨੀਅਨਾਂ ਨਾਲ ਨੇੜੇ ਦਾ ਨਾਤਾ ਹੈ, ਇਹ ਫਰਕ ਮਹਿਸੂਸ ਕਰ ਸਕਦੇ ਹਨ। ਇਹਨਾਂ ਗੀਤਾਂ, ਤੇ ਮਜ਼ਦੂਰਾਂ ਦੀ ਸਾਂਝੀ ਗੀਤ ਗਾਉਣ ਦੀ ਸ਼ਾਨ-ਦਾਰ ਰਵਾਇਤ ਬਾਰੇ, ਪੰਜਾਬੀ ਪਾਠਕਾਂ ਨਾਲ ਕੁੱਝ ਜਾਣਕਾਰੀ ਸਾਂਝੀ ਕਰਨੀ ਬਣਦੀ ਹੈ।

ਕਿਤਾਬ ਦੇ ਪਹਿਲੇ ਹਿੱਸੇ 'ਸਮੁੰਦਰੋਂ ਪਾਰ' ਵਿਚ ਬਹੁ ਗਿਣਤੀ ਉਤਰੀ ਅਮਰੀਕਾ ਵਿਚੋਂ ਲਏ ਗਏ ਗੀਤਾਂ ਦੀ ਹੈ। ਅਮਰੀਕਾ ਕੈਨੇਡਾ ਦੇ ਮਜ਼ਦੂਰ ਘੋਲਾਂ ਵਿਚ ਗੀਤਾਂ ਦੀ ਬਹੁਤ ਮਹੱਤਤਾ ਰਹੀ ਹੈ ਅਤੇ ਹੈ। ਇਥੇ ਇਸ ਸਦੀ ਦੇ ਸ਼ੁਰੂ ਵਿਚ (1905 ਤੋਂ ਲੈ ਕੇ 1924-25 ਤੱਕ) ਕਮਿਊਨਿਸਟ ਇਨਕਲਾਬੀਆਂ ਦੀ ਅਗ-ਵਾਈ ਥੱਲੇ ਚੱਲੀ ਇਕ ਮਜ਼ਦੂਰ ਲਹਿਰ- ਇੰਡਸਟਰੀਅਲ ਵਰਕਰਜ਼ ਆਫ ਦਾ ਵਰਲਡ' - ਜਿਹੜੀ ਕਿ 'ਆਈ ਡਬਲਯੂ ਡਬਲਯੂ' ਅਤੇ 'ਵੌਬਲੀਜ਼' ਦੇ ਨਾਂ ਨਾਲ ਜਾਣੀ ਜਾਂਦੀ ਹੈ, ਇਕ ਬਹੁਤ ਹੀ ਤਾਕਤਵਰ ਅਤੇ ਪ੍ਰਭਾਵਸ਼ਾਲੀ ਲਹਿਰ ਸੀ। ਮਜ਼-ਦੂਰ ਜਮਾਤ ਦੀਆਂ ਮੌਜੂਦਾ ਜੱਦੋ-ਜਹਿਦਾਂ ਵਿਚ ਅੱਜ ਵੀ ਇਸ ਲਹਿਰ ਦਾ ਅਸਰ ਦੇਖਿਆ ਜਾ ਸਕਦਾ ਹੈ। ਹੋਰ ਪ੍ਰਾਪਤੀਆਂ ਦੇ ਨਾਲ ਨਾਲ ਇਸ ਲਹਿਰ ਦਾ ਮਜ਼-ਦੂਰਾਂ ਦੇ ਸਮੂਹ-ਗਾਨ ਰਚਣ ਵਿਚ ਆਪਣਾ ਇਕ ਖਾਸ ਸਥਾਨ ਹੈ। ਇਸ ਲਹਿਰ ਦਾ ਨਾਅਰਾ ਸੀ 'ਗਾਵੋ ਅਤੇ ਲੜੋ' ਅਤੇ ਇਸ ਨੂੰ 'ਗਾਉਂਦੀ ਮਜ਼ਦੂਰ ਲਹਿਰ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਇਕੱਲੀ ਇਸ ਲਹਿਰ ਨੇ ਲੋਕਾਂ ਵਿਚ ਹਰਮਨ ਪਿਆਰੇ ਹੋਣ ਵਾਲੇ ਦੋ ਸੌ ਤੋਂ ਉਪਰ ਮਜ਼ਦੂਰ ਯੂਨੀਅਨ ਦੇ ਗੀਤ ਪੈਦਾ ਕੀਤੇ।

ਇਸ ਲਹਿਰ ਦੇ ਕੁਝ ਗੀਤ ਬੜੇ ਪ੍ਰਸਿੱਧ ਕਵੀਆਂ ਦੀ ਕ੍ਰਿਤ ਹਨ ਪਰ ਬਹੁਤੇ ਗੀਤ ਆਮ ਅਨਪੜ੍ਹ ਖੇਤ ਮਜ਼ਦੂਰਾਂ, ਫੈਕਟਰੀਆਂ ਦੇ ਕਾਮਿਆਂ ਅਤੇ ਖਾਣਾਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਹਿਰਦਿਆਂ 'ਚੋਂ ਉਪਜੇ ਹੋਏ ਹਨ। ਇਸ ਲਹਿਰ

ਵਲੋਂ 1908-9 ਵਿਚ ਗੀਤਾਂ ਦੀ ਇਕ ਕਿਤਾਬ ਛਾਪੀ ਗਈ ਸੀ - "ਲਾਲ ਗੀਤਾਂ ਦੀ ਕਿਤਾਬੜੀ" ਜਿਹਦੀਆਂ 1956 ਤੱਕ 29 ਐਡੀਸ਼ਨਾਂ ਛਪ ਚੁਕੀਆਂ ਸਨ। ਹੁਣ ਵੀ ਇਹ ਕਿਤਾਬ ਉਸ ਲਹਿਰ ਨਾਲ ਹਮਦਰਦੀ ਰੱਖਣ ਵਾਲੇ ਲੋਕਾਂ ਵਲੋਂ ਕਦੀ ਕਦੀ ਛਾਪੀ ਜਾਂਦੀ ਹੈ ਅਤੇ ਹੱਥੋ ਹੱਥ ਵਿਕ ਜਾਂਦੀ ਹੈ।

ਉਤਰੀ ਅਮਰੀਕਾ ਦੇ ਮਜ਼ਦੂਰਾਂ ਦਾ ਸਭ ਤੋਂ ਪਿਆਰਾ ਗੀਤ 'ਸਦੀਵੀ ਏਕਤਾ' (ਸੋਲਿਡੈਰਿਟੀ ਫੋਰਐਵਰ) ਅੱਜ ਵੀ ਮਜ਼ਦੂਰ ਯੂਨੀਅਨਾਂ ਦੀਆਂ ਮੀਟਿੰਗਾਂ, ਰੈਲੀਆਂ, ਜਲੂਸਾਂ, ਹੜਤਾਲਾਂ ਵੇਲੇ ਆਮ ਗਾਇਆ ਜਾਂਦਾ ਹੈ ਜੋ ਇਸੇ ਲਹਿਰ ਦੀ ਕ੍ਰਿਤ ਹੈ। ਹਰ ਮਜ਼ਦੂਰ ਨੂੰ ਇਹ ਗੀਤ ਜੇ ਪੂਰੇ ਦਾ ਪੂਰਾ ਨਹੀਂ ਤਾਂ ਇਸ ਦੇ ਕੁੱਝ ਹਿੱਸੇ ਜ਼ਰੂਰ ਯਾਦ ਹੁੰਦੇ ਹਨ, ਤੇ ਜਦੋਂ ਇਹ ਗੀਤ ਛੋਹਿਆ ਜਾਂਦਾ ਹੈ ਤਾਂ ਹਾਜ਼ਰ ਮਜ਼ਦੂਰ ਬਿਨਾਂ ਮਨ ਤੇ ਬੋਝ ਪਾਇਆਂ ਆਪਣੀ ਆਵਾਜ਼ ਨਾਲ ਰਲਾ ਦਿੰਦੇ ਹਨ। ਇਸ ਗੀਤ ਦੇ ਬੋਲ ਮਜ਼ਦੂਰਾਂ ਨੂੰ ਅੱਜ ਵੀ ਉਹਨਾਂ ਦੀ ਸਾਂਝੀ ਤਾਕਤ ਦਾ ਅਹਿਸਾਸ ਤੇ ਉਹਨਾਂ ਦੇ ਉੱਚੇ ਨਿਸ਼ਾਨੇ ਦੀ ਯਾਦ ਦਿਵਾਉਂਦੇ ਹਨ:

ਸਾਡੇ ਹੱਥਾਂ ਦੇ ਰੱਟਣਾਂ ਵਿਚ ਤਾਕਤ ਬੜੀ ਖਜ਼ਾਨੇ ਨਾਲੋਂ
ਰਾਜ ਦਾ ਕੋਈ ਨਾ ਗੁੰਬਦ ਉਚਾ ਸਾਡੇ ਠਣੇ ਨਿਸ਼ਾਨੇ ਨਾਲੋਂ।

ਮਜ਼ਦੂਰਾਂ ਦੇ ਇਸ ਹੀਰੇ ਗੀਤ ਦੀ ਰਚਨਾ ਰਾਲਫ ਚੈਪਲਿਨ, ਜੋ ਕਿ ਵੋਬ-ਲੀਜ਼ ਦਾ ਇਕ ਸਰਗਰਮ ਕਾਮਾ ਸੀ, ਨੇ ਜਨਵਰੀ 17, 1915 ਨੂੰ ਕੀਤੀ ਸੀ। ਚੈਪਲਿਨ ਵਲੋਂ ਹੋਰ ਵੀ ਅਨੇਕਾਂ ਗੀਤਾਂ ਦੀ ਰਚਨਾ ਕੀਤੀ ਗਈ। ਇਹਨਾਂ ਗੋਦ ਲਏ ਗੀਤਾਂ ਵਿਚ ਸ਼ਾਮਲ "ਹੁਣ ਆਫਤ ਵੀ ਨਾ ਰੋਕ ਸਕੇ" ਵੀ ਉਸੇ ਦੀ ਰਚਨਾ ਹੈ।

ਆਈ ਡਬਲਯੂ ਡਬਲਯੂ ਲਹਿਰ ਦੇ ਹੋਰ ਮਸ਼ਹੂਰ ਗੀਤਕਾਰ ਸਨ ਟੀ-ਬੋਨ ਸਲੀਮ, ਹੈਰੀ ਮਕਲਿਨਟੋਕ, ਰਿਚਰਡ ਬਰੇਜ਼ੀਅਰ ਤੇ ਜੋ ਹਿੱਲ। ਜੋ ਹਿੱਲ ਇਹਨਾਂ ਵਿਚੋਂ ਸਭ ਤੋਂ ਵੱਧ ਜਾਣਿਆ ਤੇ ਪਿਆਰਿਆ ਜਾਂਦਾ ਗੀਤਕਾਰ ਸੀ। ਇਥੇ ਸ਼ਾਮਲ "ਯੂਨੀਅਨ ਦਾ ਹੋਕਾ", "ਕਾਮਿਆਂ ਨੂੰ ਸੱਦਾ" ਤੇ "ਰੋਟੀ ਤੇ ਦਰਵੇਸ਼" ਉਸ ਵਲੋਂ ਰਚੇ ਅਨੇਕਾਂ ਗੀਤਾਂ ਦਾ ਨਮੂਨਾ ਹਨ। ਮਜ਼ਦੂਰ ਜਮਾਤ ਦੇ ਇਸ ਮਹਿਬੂਬ ਗੀਤਕਾਰ ਬਾਰੇ ਜਾਣ ਕੇ ਬੜਾ ਮਾਣ ਮਹਿਸੂਸ ਹੁੰਦਾ ਹੈ, ਇਕ ਖੁਸ਼ੀ ਦਾ ਅਹਿਸਾਸ ਹੁੰਦਾ ਹੈ, ਉਹ ਆਈ ਡਬਲਯੂ ਡਬਲਯੂ ਦਾ ਹੀ ਨਹੀਂ ਸਾਰੇ ਉਤਰੀ ਅਮਰੀਕਾ ਦੀ ਮਜ਼ਦੂਰ ਯੂਨੀਅਨ ਦਾ ਮਹਿਬੂਬ ਗੀਤਕਾਰ ਹੈ। ਭਾਵੇਂ ਅੱਜ ਦੀ ਟਰੇਡ ਯੂਨੀਅਨ ਲਹਿਰ ਜ਼ਿਆਦਾ ਕਾਰੋਬਾਰੀ ਸੁਭਾਅ ਦੀ ਹੋ ਜਾਣ ਕਰਕੇ ਜੋ ਹਿੱਲ ਦਾ ਨਾਂ ਉੱਨਾ ਨਹੀਂ



ਜਾਣਿਆ ਜਾਂਦਾ ਪਰ ਉਹ ਉਸੇ ਤਰ੍ਹਾਂ ਦਾ ਮਹਿਬੂਬ ਹੀਰੋ ਰਿਹਾ ਹੈ, ਕੁੱਝ ਲੋਕਾਂ ਲਈ ਅਜੇ ਵੀ ਹੈ, ਜਿਵੇਂ ਸਾਡੇ ਲਈ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀ ਹਨ।

ਜੋ ਹਿੱਲ, ਜਿਸਦਾ ਪੂਰਾ ਨਾਂ ਜੋਇਲ ਇਮੈਨੁਅਲ ਹੈਗਲੁੰਡ ਸੀ, 1901 'ਚ ਉਨੀਆਂ ਸਾਲਾਂ ਦੀ ਉਮਰ ਵਿਚ ਆਪਣੀ ਜਨਮ ਭੂਮੀ ਸਵੀਡਨ ਛੱਡ ਕੇ ਅਮਰੀਕਾ ਵਿਚ ਅਵਾਸੀ ਦੇ ਤੌਰ ਤੇ ਆਇਆ ਸੀ। 1910 ਵਿਚ ਉਸਨੇ ਵੋਬਲੀਜ਼ ਨਾਲ ਕੰਮ ਕਰਨਾ ਸ਼ੁਰੂ ਕੀਤਾ। ਉਹਨੇ "ਕੇਸੀ ਜੋਨਜ਼", "ਦਾ ਪਰੀਚਰ ਐਂਡ ਦਾ ਸਲੇਵ" ਵਰਗੇ ਅਨੇਕਾਂ ਮਸ਼ਹੂਰ ਗੀਤਾਂ ਦੀ ਰਚਨਾ ਕੀਤੀ। 1913 ਵਿਚ ਛਪੀ ਲਾਲ ਗੀਤਾਂ ਦੀ ਕਿਤਾਬ ਵਿਚ ਉਸਦੇ ਤੇਰਾਂ ਗੀਤ ਸ਼ਾਮਲ ਸਨ।

ਕੁੱਝ ਹੀ ਸਾਲਾਂ ਵਿਚ ਉਸਦਾ ਪ੍ਰਭਾਵ ਏਨਾ ਵਧ ਗਿਆ ਸੀ ਕਿ ਮਾਲਕਾਂ ਲਈ ਉਹ ਇਕ ਹਊਆ ਬਣ ਗਿਆ ਤੇ ਜਿਵੇਂ 'ਮਾਲਕਾਂ' ਦਾ 'ਸੁਭਾਅ' ਹੁੰਦਾ ਹੈ ਉਹ ਇਹ 'ਕੰਡਾ' ਕੱਢਣ ਲਈ ਕੁੱਛ ਵੀ ਕਰਨੇ ਨੂੰ ਤਿਆਰ ਸਨ। ਤੇ ਉਹਨਾਂ ਨੇ ਹਰ ਕਿਸਮ ਦੇ ਕਾਨੂੰਨਾਂ, ਰਸਮਾਂ ਰਵਾਇਤਾਂ ਨੂੰ ਛਿੱਕੇ ਤੇ ਟੰਗ ਕੇ ਜੋ ਹਿੱਲ ਨੂੰ ਇਕ ਝੂਠੇ ਕਤਲ ਦੇ ਮੁਕੱਦਮੇ ਵਿਚ ਫਸਾ ਕੇ ਜਨਵਰੀ 1914 ਵਿਚ ਗ੍ਰਿਫਤਾਰ ਕਰ ਲਿਆ। ਤਕਰੀਬਨ ਦੋ ਸਾਲ ਤੱਕ ਉਹਦਾ ਕੇਸ ਕਚਿਹਰੀ 'ਚ ਫਸਾਈ ਰੱਖਿਆ। ਉਤਰੀ ਅਮਰੀਕਾ, ਯੂਰਪ ਤੇ ਅਸਟਰੇਲੀਆ ਤੱਕ ਲੋਕਾਂ ਵਲੋਂ ਉਹਦੇ ਹੱਕ ਵਿਚ ਅਵਾਜ਼ ਉਠਾਈ ਗਈ। ਸਵੀਡਨ ਦੀ ਸਰਕਾਰ ਤੇ ਅਮਰੀਕਾ ਦੇ ਉਸ ਸਮੇਂ ਦੇ ਪ੍ਰਧਾਨ ਵੁਡਰੋ ਵਿਲਸਨ ਨੇ ਵੀ ਲੋਕਾਂ ਦੀ ਮੰਗ ਤੇ ਕੇਸ ਵਿਚ ਦਖਲ ਅੰਦਾਜ਼ੀ ਕਰਨ ਦੀ ਕੋਸ਼ਿਸ਼ ਕੀਤੀ। ਪਰ ਜੋ ਹਿੱਲ ਅਮੀਰ ਮਾਲਕਾਂ ਲਈ ਬਹੁਤ ਖਤਰਨਾਕ ਬਣ ਚੁੱਕਾ ਸੀ। ਜੋ ਹਿੱਲ ਨੂੰ ਨਵੰਬਰ 19, 1915 ਦੇ ਦਿਨ ਪੰਜ ਬੰਦਿਆਂ ਦੇ 'ਫਾਇਰਿੰਗ ਸੁਕਐਡ' ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਸ਼ਹੀਦ ਹੋਣ ਤੋਂ ਕੁਝ ਹੀ ਘੰਟੇ ਪਹਿਲਾਂ ਉਹਨੇ ਆਪਣੇ ਸਾਥੀਆਂ ਨੂੰ ਲਿਖਿਆ: "ਰੋਣਾ ਨਹੀਂ ਜਥੇਬੰਦ ਹੋਣਾ" ਉਸਦੇ ਇਹ ਸ਼ਬਦ ਅੱਜ ਵੀ ਹੜਤਾਲਾਂ ਵੇਲੇ, ਮਜ਼ਦੂਰ ਰੈਲੀਆਂ ਤੇ ਜਲੂਸਾਂ ਸਮੇਂ ਲੋਕਾਂ ਵਲੋਂ ਦੁਹਰਾਏ ਜਾਂਦੇ ਹਨ।

ਜੋ ਹਿੱਲ ਬਾਰੇ ਕਾਫੀ ਕੁੱਛ ਲਿਖਿਆ ਮਿਲਦਾ ਹੈ। ਉਸ ਬਾਰੇ ਦੋ ਤਿੰਨ ਨਾਵਲ ਲਿਖੇ ਜਾ ਚੁੱਕੇ ਹਨ। ਬੈਰੀ ਸਟੈਵਿਸ ਨੇ 1954 ਵਿਚ ਜੋ ਹਿੱਲ ਬਾਰੇ ਇਕ ਮਸ਼ਹੂਰ ਕਿਤਾਬ, "ਇਨਸਾਨ ਜੋ ਮਰਿਆ ਨਹੀਂ" ਲਿਖੀ। ਸਵੀਡਨ ਵਿਚ ਉਸਦੇ ਜੀਵਨ ਤੇ ਅਧਾਰਤ ਬਣੀ ਫਿਲਮ ਨੇ ਅੰਤਰ ਰਾਸ਼ਟਰੀ ਪੱਧਰ ਤੇ ਕਈ ਇਨਾਮ

ਹਾਸਲ ਕੀਤੇ ਸਨ ।

'ਗੋਦ ਲਏ ਗੀਤ' ਪੁਸਤਕ ਵਿਚ ਸ਼ਾਮਲ ਹੋਰ ਗੀਤਾਂ ਵਿਚੋਂ "ਹੋਵਾਂਗੇ ਕਾਮ-ਯਾਬ" ਅਮਰੀਕਾ ਦੇ ਕਾਲੇ ਲੋਕਾਂ ਦੇ ਘੋਲਾਂ ਦੇ ਨੇਤਾ ਮਾਰਟਿਨ ਕਿੰਗ ਲੂਥਰ ਜੂਨੀਅਰ ਦਾ ਹੈ । ਕਿੰਗ ਦਾ ਨਾਂ ਦੁਨੀਆਂ ਦੇ ਉਹਨਾਂ ਮਸ਼ਹੂਰ ਲੋਕ ਨੇਤਾਵਾਂ ਵਿਚ ਆਉਂਦਾ ਹੈ ਜਿਹਨਾਂ ਨੇ ਆਪਣੇ ਲੋਕਾਂ ਦੇ ਸੁਨਹਿਰੇ ਭਵਿੱਖ ਦੇ ਸੁਪਨੇ ਲਈ ਆਪਣਾ ਸਭ ਕੁੱਝ ਨਿਸ਼ਾਵਰ ਕਰ ਦਿਤਾ ।

"ਆਦਿ ਵਾਸੀ" ਦਾ ਰਚਣਹਾਰਾ ਚੀਫ ਡੈਨ ਜਾਰਜ ਕੈਨੇਡਾ ਦੇ ਵਾਸੀ (ਨੇਟਿਵ) ਲੋਕਾਂ ਦਾ ਆਗੂ ਸੀ । ਕੈਨੇਡਾ ਨੇ ਜਦ 1967 ਵਿਚ ਇਕ ਮੁਲਕ ਦੇ ਤੌਰ ਤੇ ਆਪਣੀ ਪਹਿਲੀ ਸੌਵੀਂ ਬਰਸੀ ਮਨਾਈ ਤਾਂ ਚੀਫ ਡੈਨ ਜਾਰਜ ਨੇ ਆਪਣੇ ਲੋਕਾਂ ਵਲੋਂ ਇਕ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣ ਦਿਤਾ ਸੀ । ਆਦਿ ਵਾਸੀ ਲੋਕਾਂ ਜਿਹਨਾਂ ਨੂੰ ਕੋਲੰਬਸ ਦੀ ਮੂਰਖਤਾ ਕਰਕੇ ਇੰਡੀਅਨ ਕਿਹਾ ਜਾਂਦਾ ਹੈ, ਨੂੰ ਹਾਰੀ ਹੋਈ ਮਾਨਸਕਤਾ ਤੇ ਨਸ਼ਿਆਂ ਦੇ ਹਨੇਰੇ ਚੋਂ ਕੱਢ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੇ ਰਾਹ ਤੇ ਲਿਆਉਣ ਵਿਚ ਚੀਫ ਡੈਨ ਜਾਰਜ ਦਾ ਵੀ ਕਾਫੀ ਹੱਥ ਸੀ । ਉਹ ਲੋਕਾਂ ਦਾ ਆਗੂ ਹੋਣ ਦੇ ਨਾਲ ਨਾਲ ਇਕ ਵਧੀਆ ਐਕਟਰ ਤੇ ਕਵੀ ਵੀ ਸੀ । ਉਹਦੀਆਂ ਕਵਿਤਾਵਾਂ ਦੀ ਇਕ ਕਿਤਾਬ ਪੰਜਾਬੀ ਵਿਚ ਅਨੁਵਾਦ ਵੀ ਹੋ ਚੁੱਕੀ ਹੈ ।

ਉਤਰੀ ਅਮਰੀਕਾ ਦੀ ਮਜ਼ਦੂਰ ਲਹਿਰ ਲਈ ਗੀਤ ਲਿਖਣ ਵਾਲਾ ਇਕ ਹੋਰ ਨਾਂ ਵੁੱਡੀ ਗੱਥਰੀ ਹੈ ਇਸ ਸੰਗ੍ਰਿਹ ਵਿਚ ਸ਼ਾਮਲ ਗੀਤ "ਯੂਨੀਅਨ ਵਾਲੀ" ਉਸਦੇ 1940 ਵਿਚ ਲਿਖੇ ਗੀਤ "ਯੂਨੀਅਨ ਮੇਡ" ਦਾ ਪੰਜਾਬੀ ਰੂਪ ਹੈ । ਇਹ ਗੀਤ ਅੱਜ ਵੀ ਇਕ ਬਹੁਤ ਮਸ਼ਹੂਰ ਗੀਤ ਹੈ ।

ਇਸ ਸੰਗ੍ਰਿਹ ਵਿਚ ਸ਼ਾਮਲ ਗੀਤ "ਵਰਤਿਆ ਹੋਇਆ" ਦਾ ਲੇਖਕ ਯੂਟਾਹ ਫਿਲਿਪ ਮੌਜੂਦਾ ਮਜ਼ਦੂਰ ਯੂਨੀਅਨਾਂ ਦੇ ਗੀਤਕਾਰਾਂ ਵਿਚੋਂ ਇਕ ਜਾਣਿਆਂ ਜਾਂਦਾ ਨਾਂ ਹੈ । ਉਹ ਕੈਨੇਡਾ ਅਮਰੀਕਾ ਦੇ ਸਾਰੇ ਹਿਸਿਆਂ ਵਿਚ ਮਜ਼ਦੂਰ ਘੋਲਾਂ ਵਿਚ ਗਾਉਣ ਲਈ ਪਹੁੰਚਦਾ ਹੈ । ਬੀ. ਸੀ. ਦੇ ਖੇਤ ਮਜ਼ਦੂਰਾਂ ਵਲੋਂ ਜਿਹਨਾਂ ਵਿਚ ਬਹੁ ਗਿਣਤੀ ਪੰਜਾਬੀਆਂ ਦੀ ਹੈ, ਆਪਣੇ ਹੱਕਾਂ ਲਈ ਜੱਦੋ-ਜਹਿਦ ਕਰਨ ਲਈ ਸਥਾਪਤ ਕੀਤੀ ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ ਦੇ ਘੋਲਾਂ ਵਿਚ ਵੀ ਯੂਟਾਹ ਫਿਲਿਪ ਕਈ ਵਾਰ ਆ ਕੇ ਗਾ ਗਿਆ ਹੈ ।

ਇਸ ਕਿਤਾਬ ਵਿਚਲੇ ਦੂਜੇ ਹਿੱਸੇ 'ਸਰਹੱਦੋਂ ਪਾਰ' ਵਿਚ ਸ਼ਾਮਲ ਕੀਤੇ ਗੀਤ



ਪਾਕਿਸਤਾਨ ਤੋਂ ਲਏ ਗਏ ਹਨ । ਫੈਜ਼ ਅਹਿਮਦ ਫੈਜ਼ ਦੇ ਹਰਮਨ ਪਿਆਰੇ ਨਗਮੇ 'ਹਮ ਮਿਹਨਤਕਸ਼ ਇਸ ਦੁਨੀਆਂ ਸੇ ਜਬ ਅਪਨਾ ਹਿਸਾ ਮਾਂਗੇਂਗੇ...' ਦੇ ਅਧਾਰ 'ਤੇ ਸੁਖਪਾਲ ਨੇ ਦੋ ਸ਼ਕਤੀਸ਼ਾਲੀ ਗੀਤਾਂ ਦੀ ਰਚਨਾ ਕੀਤੀ ਹੈ । ਇਹ ਗੀਤ ਮੌਜੂਦਾ ਸਮੇਂ ਵਿਚ ਲੋਕ ਘੋਲਾਂ ਦੀ ਸਹੀ ਤਰਜ਼ਮਾਨੀ ਕਰਦੇ ਹਨ:

ਇਹ ਉਪਜੀ ਨਹੀਂ ਸਰਮਾਏ 'ਚੋਂ, ਇਹ ਦੁਨੀਆਂ ਕਿਰਤ ਨੇ ਸਿਰਜੀ ਹੈ
ਕੋਈ ਰਹਿਮ ਨਹੀਂ ਕੋਈ ਭੀਖ ਨਹੀਂ, ਸਾਡਾ ਹੱਕ ਜੋ ਬਣਦਾ ਮੰਗਦੇ ਹਾਂ।......
ਸਾਨੂੰ ਪਾੜ ਕੇ ਮਜ਼ਬਾਂ ਨਸਲਾਂ 'ਚ ਅੱਜ ਲੁੱਟਦੇ ਪਏ ਲੁਟੇਰੇ ਨੇ
ਹਰ ਲੁੱਟ ਵਿਰੁੱਧ ਮਜ਼ਦੂਰਾਂ ਦਾ ਅਸੀਂ ਭਾਈਚਾਰਾ ਮੰਗਦੇ ਹਾਂ ।......

ਇਸ ਹਿਸੇ ਦੇ ਬਾਕੀ ਗੀਤ ਸੁਖਪਾਲ ਮੁਤਾਬਕ ਉਹਨੇ ਪਾਕਿਸਤਾਨ ਤੋਂ ਆਈ ਗੀਤਾਂ ਦੀ ਇਕ ਕੈਸਿਟ ਦੇ ਆਧਾਰ ਤੇ ਤਿਆਰ ਕੀਤੇ ਹਨ । ਇਹਨਾਂ ਗੀਤਾਂ ਨੂੰ ਪੰਜਾਬੀ ਲੋਕਾਂ ਲਈ ਉਹਨਾਂ ਦੀ ਬੋਲੀ ਤੇ ਮੁਹਾਵਰੇ ਵਿਚ ਪੇਸ਼ ਕਰਕੇ ਸੁਖਪਾਲ ਨੇ ਦੂਜੇ ਲੋਕਾਂ ਦੀਆਂ ਜਦੋ-ਜਹਿਦਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦਾ ਇਕ ਬਹੁਤ ਵਧੀਆ ਤੇ ਸਫਲ ਯਤਨ ਕੀਤਾ ਹੈ । ਇਹ ਉਹਦੀ ਮਿਹਨਤ ਦਾ ਕਮਾਲ ਹੈ ਕਿ ਇਹ ਗੀਤ ਸਾਨੂੰ ਸਾਡੀਆਂ ਹੀ ਸਮੱਸਿਆਵਾਂ ਬਾਰੇ ਜਾਪਦੇ ਹਨ ਅਤੇ ਆਪਣੇ ਆਪਣੇ ਲਗਦੇ ਹਨ । ਇਸ ਹਿਸੇ ਵਿਚੋਂ ਨਮੂਨੇ ਲਈ 'ਮਿਲ ਕੇ ਚੱਲੋ' ਗੀਤ ਦੀਆਂ ਹੇਠਲੀਆਂ ਸਤਰਾਂ ਦੇਖ ਸਕਦੇ ਹਾਂ :

ਇਹ ਜ਼ਾਤ ਜ਼ਾਤ ਜ਼ਾਤ ਦਾ ਹੈ ਜ਼ੋਰ ਕਿਉਂ
ਇਹ ਧਰਮ ਧਰਮ ਧਰਮ ਦਾ ਹੈ ਸ਼ੋਰ ਕਿਉਂ
ਕਿਰਤੀਆਂ ਦਾ ਧਰਮ ਤਾਂ ਬੱਸ ਕਿਰਤ ਹੈ
ਕਿਰਤੀ ਸਾਰੇ ਬੰਨ ਕੇ ਆਓ ਜੋਟੀਆਂ
ਮਿਲ ਕੇ ਚਲੋ ਮਿਲ ਕੇ ਚਲੋ ਮਿਲ ਕੇ ਚਲੋ ।

ਹਿੰਦੋਸਤਾਨ ਦੀ ਜੰਗੇ-ਆਜ਼ਾਦੀ ਦੌਰਾਨ ਲੋਕਾਂ ਵਿਚ ਮਕਬੂਲ ਹੋਏ ਗੀਤਾਂ- 'ਪੱਗੜੀ ਸੰਭਾਲ ਜੱਟਾ', 'ਸਰਫਰੋਸ਼ੀ ਕੀ ਤਮੰਨਾ'-ਆਦਿ ਨੂੰ ਸੁਖਪਾਲ ਨੇ ਅੱਜ ਦੇ ਸੰਦਰਭ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਕਿਤਾਬ ਦੇ ਤੀਜੇ ਹਿੱਸੇ 'ਆਰ ਪਾਰ' ਵਿਚ ਸ਼ਾਮਲ ਕੀਤੇ ਹਨ । ਗੀਤ 'ਪੱਗੜੀ ਸੰਭਾਲ ਜੱਟਾ-2'

ਇਸ ਹਿੱਸੇ ਦਾ ਇਕ ਵਧੀਆ ਨਮੂਨਾ ਹੈ :

ਤਿਪ ਤਿਪ ਜ਼ਿੰਦਗੀ ਨੂੰ ਖੇਤਾਂ ਵਿਚ ਬੋਇਆ ਤੂੰ
ਫਿਰ ਵੀ ਨਾ ਪੈਲੀਆਂ ਦੇ ਹਾਣ ਦਾ ਵੇ ਹੋਇਆ ਤੂੰ
ਘੁਣ ਵਾਂਗੂ ਲੱਗੇ ਤੈਨੂੰ ਤੇਰੇ ਹੀ ਸੁਆਲ ਉਏ ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।

ਇਸੇ ਤਰਾਂ 'ਸ਼ਹੀਦੋਂ ਕੀ ਚਿਤਾਉਂ ਪੇ' ਵਿਚ ਇਕ ਨਵੀਂ ਰੂਹ ਪਾਈ ਹੈ :

ਮੜ੍ਹੀ ਸ਼ਹੀਦਾਂ ਦੀ ਤੇ ਮੇਲਾ ਲੱਗੇ ਨਾ ਲੱਗੇ
ਰਾਹ ਸ਼ਹੀਦਾਂ ਦਾ ਪਰ ਸੁੰਨਾ ਹੋਣ ਨਾ ਦੇਣਾ ।
ਮੜ੍ਹੀ ਹੈ ਇਕ ਯਾਦ ਉਨ੍ਹਾਂ ਦੀ ਰਾਹ ਉਨ੍ਹਾਂ ਦੀ ਜ਼ਿੰਦਗੀ
ਨੀਂਦੇ ਮੌਤ ਮੰਜ਼ਲਾਂ ਨੂੰ ਸੌਣ ਨਾ ਦੇਣਾ ।

ਇਹ ਢੁੱਕਦੀ ਗੱਲ ਹੈ ਕਿ ਕਿਤਾਬ ਦੇ ਆਖਰੀ ਹਿੱਸੇ ਵਿਚ ਸੁਖਪਾਲ ਦੀ ਆਪਣੀ ਕਿਰਤ 'ਕਿਸਾ ਪੰਜਾਬ' ਸ਼ਾਮਲ ਹੈ । ਇਸ ਵਿਚ ਉਹ ਹੁਣ ਦੇ ਪੰਜਾਬ ਦੇ ਦੁਖਾਂਤ ਦਾ ਕਿੱਸਾ ਛੋਂਹਦਾ ਹੈ :

ਭਾਈਚਾਰਾ ਹੈ ਸੰਗੀਨਾਂ ਉਤੇ ਤੁਲਿਆ,
ਮਨਾਂ ਵਿਚ ਮਜ਼੍ਹਬਾਂ ਦਾ ਜ਼ਹਿਰ ਘੁਲਿਆ ।
ਹੇਰਾ ਫੇਰੀ ਵਾਲਾ ਹੈ ਹਿਸਾਬ ਹੋ ਗਿਆ,
ਜਲ੍ਹਿਆਂ ਦਾ ਬਾਗ ਹੈ ਪੰਜਾਬ ਹੋ ਗਿਆ ।

ਤੇ ਪੰਜਾਬ ਦੇ ਮਹਾਨ ਲੋਕਾਂ ਵਾਂਗ ਜਿਹਨਾਂ ਨੇ ਵਰ੍ਹਿਆਂ ਤੋਂ ਵਗ ਰਹੀ ਇਸ ਕਾਲੀ ਬੋਲੀ ਹਨੇਰੀ ਦਾ ਡਟ ਕੇ ਮੁਕਾਬਲਾ ਕੀਤਾ ਹੈ ਸੁਖਪਾਲ ਵੀ ਨਿਰਾਸ਼ ਹੋਣ ਦੀ ਥਾਂ ਆਪਣੇ ਲੋਕਾਂ ਨੂੰ ਸਾਂਝ ਦਾ ਸੁਨੇਹਾ ਦਿੰਦਾ ਹੈ :

ਜਾਤ ਪਾਤ ਵਾਲੇ ਭੇਦ ਦਿਲੋਂ ਕੱਢ ਕੇ
ਕਿਰਤਾਂ ਦੇ ਸਾਂਝੇ ਰਿਸ਼ਤੇ 'ਚ ਬੱਝ ਕੇ ।
ਵੰਝਲੀ 'ਚ ਮਾਰੋ ਐਸੀ ਹੂਕ ਬੇਲੀਓ,
ਸਭਨਾਂ ਦਾ ਦੁੱਖ ਸਾਂਝੀ ਹੂਕ ਬੇਲੀਓ ।



ਇਹਨਾਂ ਗੀਤਾਂ ਵਿਚਲੀ ਸੁੰਦਰਤਾ, ਸ਼ਕਤੀ ਤੇ ਕਲਾਤਮਕਤਾ ਦਾ ਸਹੀ ਅੰਦਾਜ਼ਾ ਇਹਨਾਂ ਨੂੰ ਸਿਰਫ ਪੜਨ ਨਾਲ ਨਹੀਂ ਲੱਗ ਸਕਦਾ । ਇਹਨਾਂ ਨੂੰ ਇਕੱਠਾਂ ਵਿਚ ਗਾਏ ਜਾਣ ਵੇਲੇ ਹੀ ਇਹਨਾਂ ਦੇ ਅਸਲੀ ਰੂਪ ਵਿਚ ਦੇਖਿਆ ਮਾਣਿਆ ਜਾ ਸਕਦਾ ਹੈ । ਹਰ ਸਭਿਆਚਾਰ ਵਿਚ ਮਿਲਦੇ ਹੋਰ ਲੋਕ ਗੀਤਾਂ ਵਾਂਗ ਹੀ ਮਜ਼ਦੂਰ ਲਹਿਰ ਨਾਲ ਸਬੰਧਤ ਗੀਤਾਂ ਵਿਚ ਬਹੁਤ ਸਰਲਤਾ ਹੁੰਦੀ ਹੈ । ਗੀਤਾਂ ਵਿਚਲੀ ਇਹ ਸਰਲਤਾ ਦਾ ਗੁਣ ਹੀ ਇਹਨਾਂ ਨੂੰ ਮਜ਼ਦੂਰਾਂ ਵਿਚ ਮਕਬੂਲ ਕਰਾਉਣ ਵਿਚ ਸਹਾਈ ਹੁੰਦਾ ਹੈ । ਬਹੁਤੀ ਵਾਰੀ ਇਹ ਗੀਤ ਲੋਕਾਂ ਦੀਆਂ ਜਾਣ ਪਛਾਣ ਵਾਲੀਆਂ ਲੋਕ ਗੀਤਾਂ ਦੀਆਂ, ਜਾਂ ਧਾਰਮਿਕ ਗੀਤਾਂ ਦੀਆਂ ਧੁਨਾਂ ਤੇ ਉਸਾਰੇ ਜਾਂਦੇ ਹਨ । ਪਰ ਇਸ ਗੱਲੋਂ ਬੜੀ ਚੇਤਨਤਾ ਵਰਤੀ ਜਾਂਦੀ ਹੈ ਕਿ ਲੋਕਾਂ ਦੇ ਅੰਧਵਿਸ਼ਵਾਸ਼ ਜਾਂ ਧਾਰਮਿਕ ਕਿਸਮ ਦੀ ਸੂਝ ਇਹਨਾਂ ਗੀਤਾਂ ਵਿਚ ਨਾ ਸਮਾਈ ਹੋਵੇ । ਸਗੋਂ ਉਤਰੀ ਅਮਰੀਕਾ ਦੀ ਆਈ. ਡਬਲਯੂ. ਡਬਲਯੂ. ਲਹਿਰ ਦੇ ਬਹੁਤ ਗੀਤਾਂ ਵਿਚ ਤਾਂ ਧਾਰਮਿਕ ਧੁਨਾਂ ਵਰਤ ਕੇ ਧਰਮ ਵਿਚਲੇ ਅੰਧਵਿਸ਼ਵਾਸ਼ਾਂ ਦਾ ਮਖੌਲ ਉਡਾਇਆ ਗਿਆ ਹੈ ।

ਮਜ਼ਦੂਰ ਲਹਿਰ ਨਾਲ ਸਬੰਧਤ ਬਹੁਤੇ ਗੀਤਾਂ ਦਾ ਵਿਸ਼ਾ ਮਜ਼ਦੂਰਾਂ ਦੀ ਏਕਤਾ, ਉਹਨਾਂ ਦੇ ਘੋਲਾਂ ਦੀ ਮਹਾਨਤਾ ਆਦਿ ਹੁੰਦੇ ਹਨ ਅਤੇ ਇਹ ਗੀਤ ਮਜ਼ਦੂਰਾਂ ਨੂੰ ਇਕ ਦੂਜੇ ਨਾਲ ਅਤੇ ਆਪਣੇ ਨਿਸ਼ਾਨਿਆਂ ਨਾਲ ਪਿਆਰ ਕਰਨ ਲਈ ਪ੍ਰੇਰਦੇ ਹਨ । ਕਈਆਂ ਗੀਤਾਂ ਵਿਚ ਇਹ ਸੁਨੇਹਾ ਲੋਕਾਂ ਦੇ ਹੱਕਾਂ ਲਈ ਜੂਝਣ ਵਾਲੇ ਲੋਕਾਂ ਬਾਰੇ ਜ਼ਿਕਰ ਨਾਲ ਵੀ ਦਿਤਾ ਹੁੰਦਾ ਹੈ । ਉਦਾਹਰਣ ਵਜੋਂ ਅਮਰੀਕਾ ਦੀ ਮਸ਼ਹੂਰ ਇਸਤਰੀ ਆਗੂ ਮੈਰੀ ਜੋਨਜ਼ ਜਿਸਨੂੰ 'ਮਦਰ ਜੋਨਜ਼' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ, ਬਾਰੇ ਕਈ ਗੀਤ ਮਿਲਦੇ ਹਨ । ਮਦਰ ਜੋਨਜ਼ 1830 ਵਿਚ ਪੈਦਾ ਹੋਈ ਸੀ ਤੇ ਆਪਣੀ ਪੂਰੇ ਸੌ ਸਾਲ ਦੀ ਜ਼ਿੰਦਗੀ ਉਹਨੇ ਖਾਣਾਂ ਵਿਚ ਕੰਮ ਕਰਨ ਵਾਲੇ ਤੇ ਬਾਕੀ ਮਜ਼ਦੂਰ ਜਮਾਤ ਦੇ ਹੱਕਾਂ ਲਈ ਲਾ ਦਿਤੀ । ਇਸ ਤੋਂ ਉਲਟ ਕਈ ਗੀਤਾਂ ਵਿਚ ਮਾਲਕਾਂ ਪ੍ਰਤੀ, ਜਾਂ ਗਦਾਰੀ ਕਰਨ ਵਾਲੇ ਮਜ਼ਦੂਰਾਂ ਪ੍ਰਤੀ ਨਫਰਤ ਦਾ ਪ੍ਰਗਟਾਵਾ ਹੁੰਦਾ ਹੈ । ਮਾਲਕਾਂ ਨਾਲੋਂ ਵੀ ਵਧ ਨਫਰਤ ਵਾਲੇ ਗੀਤ ਉਹਨਾਂ ਮਜ਼ਦੂਰਾਂ ਖਿਲਾਫ ਮਿਲਦੇ ਹਨ ਜੋ ਮਜ਼ਦੂਰ ਜਮਾਤ ਨਾਲ ਦਗਾ ਕਮਾਉਂਦੇ ਹਨ । ਹੜਤਾਲ ਵੇਲੇ ਪਿਕਟ ਲਾਈਨ ਟੱਪ ਜਾਣ ਵਾਲੇ ਨੂੰ 'ਸਕੈਬ' ਕਿਹਾ ਜਾਂਦਾ

ਹੈ। ਮਜ਼ਦੂਰਾਂ ਦੀ ਗੱਲ ਬਾਤ ਵਿਚ ਸਕੈਬ ਸਭ ਤੋਂ ਵਧ ਗੰਦੀ ਗਾਲ੍ਹ ਹੈ। ਸਕੈਬਾਂ ਪ੍ਰਤੀ ਨਫਰਤ ਪ੍ਰਗਟਾਉਂਦੇ ਕਿੰਨੇ ਹੀ ਗੀਤ ਮਜ਼ਦੂਰ ਜਮਾਤ ਦੇ ਗੀਤਾਂ ਦਾ ਹਿੱਸਾ ਹਨ। ਜੋ ਹਿਲ ਦਾ ਗੀਤ "ਕੇਸੀ ਜੋਨਜ਼" ਜੋ ਅੱਜ ਵੀ ਬਹੁਤ ਮਸ਼ਹੂਰ ਹੈ, ਇਕ ਸਕੈਬ ਬਾਰੇ ਹੈ। ਪਰ ਬਹੁਤੇ ਹਰਮਨ ਪਿਆਰੇ ਗੀਤ ਲੋਕਾਂ ਵਿਚ ਹਾਂ-ਪੱਖੀ ਭਾਵਨਾ ਪੈਦਾ ਕਰਨ ਵਾਲੇ ਹੀ ਹੁੰਦੇ ਹਨ।

ਜਿਵੇਂ ਪਹਿਲਾਂ ਦਿਤੀਆਂ ਉਦਾਹਰਣਾਂ ਤੋਂ ਜ਼ਾਹਰ ਹੈ ਕਿ ਸੁਖਪਾਲ ਖੁਦ ਇਕ ਲੋਕ ਕਵੀ ਹੋਣ ਕਰਕੇ ਇਹਨਾਂ ਗੀਤਾਂ ਦੀ ਚੋਣ ਕਰਨ ਵਿਚ ਵੀ ਤੇ ਉਹਨਾਂ ਨੂੰ ਪੰਜਾਬੀ ਵਿਚ ਪੇਸ਼ ਕਰਨ ਵਿਚ ਵੀ ਕਾਮਯਾਬ ਰਿਹਾ ਹੈ। ਖਾਸ ਕਰ ਉਤਰੀ ਅਮਰੀਕਾ ਦੀ ਮਜਦੂਰ ਲਹਿਰ ਦੇ ਗੀਤਾਂ ਦੀ ਚੋਣ ਕਰਨ ਵਿਚ ਉਹਨੇ ਆਪਣੇ ਇਕ ਵਧੀਆ ਖੋਜੀ ਹੋਣ ਦਾ ਵੀ ਸਬੂਤ ਦਿਤਾ ਹੈ। ਉਸਦੀ ਗੀਤ ਕਲਾ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਇਹਨਾਂ ਨੂੰ ਪੜਦਿਆਂ ਜਾਂ ਗੁਣਗੁਣਾਉਂਦਿਆਂ ਇਹ ਰਤਾ ਵੀ ਓਪਰੇ ਨਹੀਂ ਲਗਦੇ। ਪਰਾਏ ਵਿਹੜਿਆਂ ਵਿਚ ਜੰਮੇ ਪਲੇ ਇਹ ਗੀਤ ਸਾਨੂੰ ਆਪਣੇ ਆਪਣੇ ਲੱਗਣ ਲਗੇ ਹਨ। ਇਹ ਗੀਤ ਮਜ਼ਦੂਰ ਜਮਾਤ ਦੇ ਅਤੇ ਲੋਕਾਂ ਦੀਆਂ ਹੋਰ ਜਦੋ-ਜਹਿਦਾਂ ਦੇ ਗੀਤ ਹਨ। ਇਹਨਾਂ ਦਾ ਪੰਜਾਬੀਆਂ ਤਕ ਪਹੁੰਚਣਾ ਇਕ ਸ਼ੁੱਭ ਸ਼ਗਨ ਹੈ। ਇਸ ਪੁਸਤਕ ਵਿਚ ਜਿਸ ਤਰਾਂ ਇਹਨਾਂ ਗੀਤਾਂ ਨੂੰ ਪੰਜਾਬ, ਭਾਰਤ ਤੇ ਪਾਕਿਸਤਾਨ ਦੇ ਹੋਰ ਗੀਤਾਂ ਦੇ ਨਾਲ ਰੱਖ ਕੇ ਪੇਸ਼ ਕੀਤਾ ਗਿਆ ਹੈ ਇਹ ਹੋਰ ਵੀ ਬਹੁਤ ਵਧੀਆ ਹੈ। ਜਿਵੇਂ ਭਰਾ ਭਰਾਵਾਂ ਨੂੰ ਮਿਲਦੇ ਹਨ ਕੁੱਝ ਇਸ ਤਰਾਂ ਹੀ ਇਸ ਸੰਗ੍ਰਿਹ ਦੇ ਇਹ ਗੀਤ ਇਕ ਦੂਜੇ ਨੂੰ ਮਿਲਦੇ ਪ੍ਰਤੀਤ ਹੁੰਦੇ ਹਨ। ਆਸ ਹੈ ਕਿ ਪੰਜਾਬੀ ਮਜ਼ਦੂਰ ਜਮਾਤ ਤੇ ਆਪਣੇ ਹੱਕਾਂ ਲਈ ਜੂਝਦੇ ਹੋਰ ਲੋਕ ਇਹਨਾਂ ਗੀਤਾਂ ਨੂੰ ਆਪਣੇ ਸਮਝ ਕੇ ਗਲ ਲਾਉਣਗੇ।

ਸਾਧੂ ਬਿਨਿੰਗ
ਵੈਨਕੂਵਰ, ਕੈਨੇਡਾ
ਜਨਵਰੀ, 1991



# ਇੱਕ

## ਸਮੁੰਦਰੋਂ ਪਾਰ

# ਕੌਮਾਂਤਰੀ ਗੀਤ

ਲਹਿਰਾਂ ਬਣ ਉਠੋ ਭੁੱਖਾਂ ਦੇ ਲਿਤਾੜਿਓ
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ ।

ਬੱਝੀਆਂ ਨਾ ਰਹਿਣ ਇਹ ਰਵਾਇਤੀ ਲੜੀਆਂ
ਉਠੋ ਵੇ ਗੁਲਾਮੀ ਦੀਆਂ ਤੋੜੋ ਕੜੀਆਂ ।
ਕਿਰਤਾਂ ਦਾ ਜ਼ੋਰ ਜੁੱਸਿਆਂ 'ਚ ਭਰ ਕੇ
ਲੁੱਟ ਦਾ ਇਹ ਰਾਜ ਜੜ੍ਹਾਂ ਤੋਂ ਉਖਾੜਿਓ ।

ਬੁੱਢਾ ਹੋ ਪੁਰਾਣਾ ਢਾਂਚਾ ਜਦੋਂ ਥੰਮ੍ਹਦਾ
ਉਹਨੂੰ ਤੋੜ ਨਵਾਂ ਸੰਸਾਰ ਜੰਮਦਾ ।
ਨਵਾਂ ਤੇ ਉਸਾਰੂ ਜੱਗ ਰਚਣੇ ਲਈ
ਗਲੀ ਸੜੀ ਹਰ ਚੀਜ ਨੂੰ ਨਕਾਰਿਓ ।

ਨਵੀਆਂ ਹੀ ਨੀਹਾਂ ਤੇ ਉਸਾਰ ਹੋਊਗਾ
ਸਾਰਾ ਜੱਗ ਸਾਡਾ ਪਰਵਾਰ ਹੋਊਗਾ ।
ਲੋਟੂਆਂ ਦੇ ਹੱਥਾਂ ਨੇ ਤੁਹਾਥੋਂ ਖੋਹਿਆ ਜੋ
ਸਭ ਹੋਊ ਤੁਹਾਡਾ ਸਿਰਜਣਹਾਰਿਓ

ਮਹਿਲਾਂ 'ਚੋਂ ਨਾ ਸਾਡੇ ਤੇ ਕੋਈ ਰਾਜ ਵੇ ਕਰੇ
ਰਾਜਿਆਂ ਦੀ ਸਾਨੂੰ ਹੁਣ ਵਫਾ ਨਾ ਫੜੇ ।
ਧੁਖ ਰਿਹੋ ਮੱਚੋ ਹੁਣ ਲਾਟਾਂ ਬਣ ਕੇ
ਤਖਤਾਂ ਨੂੰ ਢਾਵੋ ਤਾਜਾਂ ਨੂੰ ਉਛਾਲਿਓ ।

ਉਠੋ ਹਾਕਮਾਂ ਦੇ ਲਾਰਿਆਂ ਨੂੰ ਤੋੜ ਕੇ
ਸਮਾਂ ਲੰਘ ਜਾਵੇ ਨਾ ਤੁਹਾਨੂੰ ਰੋਲ ਕੇ
ਰਾਜ ਮਹਿਲਾਂ ਤਾਈਂ ਦੇਵੇ ਕਾਂਬਾ ਛੇੜ ਜੋ
ਐਸੀ ਤੋਰ ਤੁਰੋ ਕੁੱਲੀਓ ਤੇ ਢਾਰਿਓ ।

ਆਖਰੀ ਹੈ ਆਪਣੀ ਲੜਾਈ ਸਾਥੀਓ
ਥਾਂ ਥਾਂ ਉਠੋ ਕਰ ਦੋ ਚੜ੍ਹਾਈ ਸਾਥੀਓ
ਲੁੱਟ ਦੇ ਮਸੀਹੇ ਤਾਈਂ ਰੱਦ ਕਰ ਕੇ
ਹੁਕਮ ਕਾਨੂੰਨ ਪੈਰਾਂ 'ਚ ਲਿਤਾੜਿਓ ।

ਲੋਟੂਆਂ ਤੋਂ ਲੁੱਟ ਵਾਲਾ ਮਾਲ ਖੋਹਣ ਲਈ
ਕੈਦ ਹੋਈਆਂ ਰੂਹਾਂ ਦੇ ਆਜ਼ਾਦ ਹੋਣ ਲਈ
ਸਾਂਝਿਆਂ ਦੁੱਖਾਂ 'ਚ ਸ਼ਰੀਕ ਹੋਇ ਕੇ
ਮੁਕਤੀ ਦਾ ਰਾਹ ਸੋਚਿਓ ਵਿਚਾਰਿਓ ।

ਖੁਦ ਆਪਣੇ ਹੀ ਕੰਮ ਕਾਰ ਮਿੱਥਾਂਗੇ
ਕਿਦਾਂ ਦਾ ਇਹ ਹਊ ਸੰਸਾਰ ਮਿਥਾਂਗੇ ।
ਮਿਹਨਤ 'ਚੋਂ ਉਸਰੀ ਹੈ ਹਰ ਰਚਨਾ
ਦੁਨੀਆਂ ਤੁਹਾਡੀ ਦੁਨੀਆਂ ਦੇ ਘਾੜਿਓ

ਧਰਤੀ ਜਾਗੀਰ ਨਾਹੀਂ ਇੱਲ੍ਹਾਂ ਜੋਕਾਂ ਦੀ
ਧਰਤੀ ਹੈ ਮਾਂ ਧਰਤੀ ਦੇ ਲੋਕਾਂ ਦੀ
ਇੱਲ੍ਹਾਂ, ਕਾਵਾਂ, ਜੋਕਾਂ ਦਾ ਸਫਾਇਆ ਕਰਕੇ
ਕਿਰਤਾਂ ਦਾ ਝੰਡਾ ਸੂਰਜਾਂ 'ਤੇ ਚਾੜਿਓ ।

ਫੌਜੀਓ ਸਿਪਾਹੀਓ ਜਾਣੋ ਹੱਲ ਚੱਲ ਨੂੰ
ਮੋੜ ਲਓ ਬੰਦੂਕਾਂ ਹਾਕਮਾਂ ਦੇ ਵਲ ਨੂੰ ।
ਜਿਹਨਾਂ ਦੀਆਂ ਗੋਦਾਂ ਵਿਚ ਜੰਮੇ ਪਲੇ ਹੋ
ਲੋਕਾਂ ਦਿਓ ਜਾਇਓ ਲੋਕਾਂ ਨੂੰ ਨਾ ਮਾਰਿਓ ।

ਲਹਿਰਾਂ ਬਣ ਉਠੋ ਭੁੱਖਾਂ ਦੇ ਲਿਤਾੜਿਓ
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ ।



# ਸਦੀਵੀ ਏਕਤਾ

'ਕੱਲੇ 'ਕੱਲੇ ਅਸੀਂ ਕੱਖੋਂ ਹੌਲੇ, ਜਥੇਬੰਦੀ ਸਾਨੂੰ ਕਰੇ ਫੌਲਾਦ
ਕਿਰਤੀ ਏਕਾ ਅਮਰ ਹਮੇਸ਼ਾ, ਕਿਰਤੀ ਏਕਾ ਜ਼ਿੰਦਾਬਾਦ ।
ਜ਼ਿੰਦਾਬਾਦ ! ਜ਼ਿੰਦਾਬਾਦ !! ਜ਼ਿੰਦਾਬਾਦ ! ਜ਼ਿੰਦਾਬਾਦ !!

ਏਕੇ ਦੇ ਵਿਚ ਬਰਕਤ ਡਾਢੀ ਬੜੀ ਇਕੱਲਤਾ ਹੈ ਕਮਜ਼ੋਰ
ਜਥੇਬੰਦੀ ਦੀ ਰੂਹ ਲਹੂ ਵਿਚ ਭਰ ਦਏ ਲੱਖ ਐਟਮ ਦਾ ਜ਼ੋਰ !
ਸੂਰਜ ਦੇ ਥੱਲੇ ਨਾ ਕੋਈ ਵੱਡੀ ਤਾਕਤ ਇਸ ਤੋਂ ਬਾਅਦ
ਕਿਰਤੀ ਏਕਾ ਅਮਰ ਹਮੇਸ਼ਾ, ਕਿਰਤੀ ਏਕਾ ਜ਼ਿੰਦਾਬਾਦ ।
ਜ਼ਿੰਦਾਬਾਦ ! ਜ਼ਿੰਦਾਬਾਦ !! ਜ਼ਿੰਦਾਬਾਦ ! ਜ਼ਿੰਦਾਬਾਦ !!

ਜੇ ਦੁਨੀਆਂ ਵਿਚ ਕਿਰਤ ਨਾ ਹੋਵੇ, ਇਕ ਵੀ ਪਹੀਆ ਚੱਲ ਨਾ ਸਕਦਾ ।
ਚਾਂਦੀ ਸੋਨਾ ਮਿੱਟੀ ਹੋ ਜਏ, ਕੋਈ ਰੁਪਈਆ ਚੱਲ ਨਾ ਸਕਦਾ ।
ਤੋੜਾਂਗੇ ਹਰ ਕਿਲਾ ਲੁੱਟ ਦਾ ਜੇ ਰੱਖੀਏ ਇਕ ਸੱਚ ਨੂੰ ਯਾਦ
ਕਿਰਤੀ ਏਕਾ ਅਮਰ ਹਮੇਸ਼ਾ, ਕਿਰਤੀ ਏਕਾ ਜ਼ਿੰਦਾਬਾਦ !
ਜ਼ਿੰਦਾਬਾਦ ! ਜ਼ਿੰਦਾਬਾਦ !! ਜ਼ਿੰਦਾਬਾਦ ! ਜ਼ਿੰਦਾਬਾਦ !!

ਸਾਡੇ ਹੱਥਾਂ ਦੇ ਰੱਟਣਾਂ ਵਿਚ ਤਾਕਤ ਬੜੀ ਖਜ਼ਾਨੇ ਨਾਲੋਂ
ਰਾਜ ਦਾ ਕੋਈ ਨਾ ਗੁੰਬਦ ਉੱਚਾ ਸਾਡੇ ਠਣੇ ਨਿਸ਼ਾਨੇ ਨਾਲੋਂ
ਢਾਅ ਕੇ ਗਲਤ ਨਿਜ਼ਾਮ ਅਸਾਂ ਨੇ ਕਰਨੀ ਦੁਨੀਆਂ ਨਵੀਂ ਆਬਾਦ
ਕਿਰਤੀ ਏਕਾ ਅਮਰ ਹਮੇਸ਼ਾ, ਕਿਰਤੀ ਏਕਾ ਜ਼ਿੰਦਾਬਾਦ !
ਜ਼ਿੰਦਾਬਾਦ ! ਜ਼ਿੰਦਾਬਾਦ !! ਜ਼ਿੰਦਾਬਾਦ ! ਜ਼ਿੰਦਾਬਾਦ !!

ਪੂੰਜੀਪਤੀਏ ਬਘਿਆੜਾਂ ਸੰਗ ਸਾਡਾ ਕੁੱਝ ਵੀ ਸਾਂਝਾ ਨਹੀਂ ਹੈ
ਉਨ੍ਹਾਂ ਕੋਲ ਸਾਨੂੰ ਦੇਣੇ ਦੇ ਲਈ ਬਿਨਾ ਗੁਲਾਮੀ ਰੱਖਿਆ ਕੀ ਹੈ
ਇਕ ਮੁੱਠ ਹੋ ਕੇ ਲੜਨ ਸਿਵਾਏ ਬਾਕੀ ਸਭ ਰਸਤੇ ਬਰਬਾਦ
ਕਿਰਤੀ ਏਕਾ ਅਮਰ ਹਮੇਸ਼ਾ, ਕਿਰਤੀ ਏਕਾ ਜ਼ਿੰਦਾਬਾਦ !
ਜ਼ਿੰਦਾਬਾਦ ! ਜ਼ਿੰਦਾਬਾਦ !! ਜ਼ਿੰਦਾਬਾਦ ! ਜ਼ਿੰਦਾਬਾਦ !!

ਅਸੀਂ ਖੋਦੀਆਂ ਖਾਣਾਂ ਖਰੀਆਂ ਅਸੀਂ ਰੇਲਾਂ ਦੇ ਜਾਲ ਵਿਛਾਏ
ਜਿੱਥੇ ਉਹ ਵਿਉਪਾਰ ਕਰੇਂਦੇ ਸੁੰਦਰ ਕਸਬੇ ਅਸੀਂ ਵਸਾਏ।
ਹੱਥੀਂ ਸਿਰਜੇ ਸੁਰਗ ਵਿਚਾਲੇ, ਅਸੀਂ ਨਿਤਾਣੇ ਖੜੇ ਨਿਸ਼ਾਦ
ਕਿਰਤੀ ਏਕਾ ਅਮਰ ਹਮੇਸ਼ਾ, ਕਿਰਤੀ ਏਕਾ ਜ਼ਿੰਦਾਬਾਦ !
ਜ਼ਿੰਦਾਬਾਦ ! ਜ਼ਿੰਦਾਬਾਦ !! ਜ਼ਿੰਦਾਬਾਦ ! ਜ਼ਿੰਦਾਬਾਦ !!

ਵਿਹਲੜ ਸੂਰਾਂ ਨੇ ਜੋ ਮੱਲਿਆ ਇਹ ਸੰਸਾਰ ਅਸਾਡਾ ਹੈ
ਸਾਡਾ ਖੂਨ ਪਸੀਨਾ ਵਗਿਆ ਇਹ ਘਰ ਬਾਰ ਅਸਾਡਾ ਹੈ।
ਰਚਣਹਾਰ ਰਚਨਾ ਦੇ ਮਾਲਕ, ਨਹੀਂ ਗੁਲਾਮੀ ਨਹੀਂ ਫਰਿਆਦ
ਕਿਰਤੀ ਏਕਾ ਅਮਰ ਹਮੇਸ਼ਾ, ਕਿਰਤੀ ਏਕਾ ਜ਼ਿੰਦਾਬਾਦ !
ਜ਼ਿੰਦਾਬਾਦ ! ਜ਼ਿੰਦਾਬਾਦ !! ਜ਼ਿੰਦਾਬਾਦ ! ਜ਼ਿੰਦਾਬਾਦ !!

'ਕੱਲੇ 'ਕੱਲੇ ਅਸੀਂ ਕੱਖੋਂ ਹੌਲੇ, ਜਥੇਬੰਦੀ ਸਾਨੂੰ ਕਰੇ ਫੌਲਾਦ
ਕਿਰਤੀ ਏਕਾ ਅਮਰ ਹਮੇਸ਼ਾ, ਕਿਰਤੀ ਏਕਾ ਜ਼ਿੰਦਾਬਾਦ !
ਜ਼ਿੰਦਾਬਾਦ ਜ਼ਿੰਦਾਬਾਦ ਜ਼ਿੰਦਾਬਾਦ ਜ਼ਿੰਦਾਬਾਦ !!!!



## ਹੁਣ ਆਫਤ ਵੀ ਨਾ ਰੋਕ ਸਕੇ

ਸੁਣ ਲੋਕ ਯੁੱਧ ਦਾ ਬਿਗਲ ਬੜਾ ਜ਼ਾਲਮ ਦੇ ਘਰ ਭੁਚਾਲ ਪਿਆ
ਜੋ ਨ੍ਹੇਰਾ ਮੌਤਾਂ ਵੰਡਦਾ ਸੀ ਉਸ ਨ੍ਹੇਰੇ ਦੇ ਗਲ ਕਾਲ ਪਿਆ।
ਸਾਨੂੰ ਲੱਖ ਰੋਕਿਆ ਰੁਕੇ ਨਾ ਅਸੀਂ ਫਿਰ ਵੀ ਕੱਠੇ ਹੋਣੇ ਤੋਂ
ਹੁਣ ਆਫਤ ਵੀ ਨਾ ਰੋਕ ਸਕੂ ਸਾਨੂੰ ਕਿਲ੍ਹਾ ਲੁੱਟ ਦਾ ਢਾਉਣੇ ਤੋਂ।

ਇਹ ਰਹਿੰਦ ਖੂੰਹਦ ਸਮਰਾਟਾਂ ਦੀ ਅਸੀਂ ਕੀ ਇਨ੍ਹਾਂ ਤੋਂ ਡਰਨੇ ਆਂ,
ਸਭ ਕੱਢ ਕੇ ਆਕੜ ਸੱਤਾ ਦੀ ਇਹ ਗੋਡਿਆਂ ਪਰਨੇ ਕਰਨੇ ਆਂ।
ਹੁਣ ਆਪਣਾ ਆਪ ਪਛਾਣ ਲਿਆ ਅਸੀਂ ਨਾਬਰ ਸੀਸ ਝੁਕਾਉਣੇ ਤੋਂ।
ਹੁਣ ਆਫਤ ਵੀ ਨਾ ਰੋਕ ਸਕੂ ਸਾਨੂੰ ਕਿਲ੍ਹਾ ਲੁੱਟ ਦਾ ਢਾਉਣੇ ਤੋਂ।

ਹੁਣ ਝੂਠ ਦੇ ਚਿਥੜੇ ਚਿਥੜੇ ਨੇ ਹੁਣ ਸੱਚ ਦੀ ਜੈ ਜੈ ਕਾਰ ਹੋਊ,
ਹੁਣ ਲੋਕਾਂ ਦਾ ਜੋ ਹੱਕ ਬਣਦਾ ਉਹ ਲੋਕਾਂ ਦੇ ਵਿਚਕਾਰ ਹੋਊ,
ਇਹ ਲੋਕ ਲਹਿਰ ਦੀ ਤਾਕਤ ਹੁਣ ਨਾ ਟਲੂਗੀ ਯੁੱਗ ਪਲਟਾਉਣੇ ਤੋਂ
ਹੁਣ ਆਫਤ ਵੀ ਨਾ ਰੋਕ ਸਕੂ ਸਾਨੂੰ ਕਿਲ੍ਹਾ ਲੁੱਟ ਦਾ ਢਾਉਣੇ ਤੋਂ।

ਹੁਣ ਜ਼ੁਲਮ ਦੀ ਬੇੜੀ ਡੁੱਬ ਰਹੀ, ਹੁਣ ਲੁੱਟ ਦੀ ਮੁਰਦਾਬਾਦ ਹੋਈ,
ਹੁਣ ਸੂਰਜ ਮੁਕਤੀ ਦਾ ਚੜ੍ਹਨਾ, ਹੁਣ ਕਿਰਤ ਦੀ ਜ਼ਿੰਦਾਬਾਦ ਹੋਈ,
ਹਰ ਗਲੀ ਗਲੀ ਹਰ ਪਿੰਡ ਸ਼ਹਿਰ ਨਾ ਟਲਿਆ ਨਾਹਰਾ ਲਾਉਣੇ ਤੋਂ।
ਹੁਣ ਆਫਤ ਵੀ ਨਾ ਰੋਕ ਸਕੂ ਸਾਨੂੰ ਕਿਲ੍ਹਾ ਲੁੱਟ ਦਾ ਢਾਉਣੇ ਤੋਂ।

# ਹੋਵਾਂਗੇ ਕਾਮਯਾਬ

ਹੋਵਾਂਗੇ ਕਾਮਯਾਬ, ਹੋਵਾਂਗੇ ਕਾਮਯਾਬ
ਹੋਵਾਂਗੇ ਕਾਮਯਾਬ ਏਕ ਦਿਨ !
ਦਿਲ ਵਿਚ ਹੈ ਵਿਸ਼ਵਾਸ਼, ਡੂੰਘਾ ਹੈ ਵਿਸ਼ਵਾਸ਼
ਹੋਵਾਂਗੇ ਕਾਮਯਾਬ ਏਕ ਦਿਨ !

ਅਸੀਂ ਨਹੀਂ ਹਾਂ ਕੱਲੇ ਕਾਰੇ, ਅਸੀਂ ਨਹੀਂ ਹਾਂ ਕੱਲੇ ਕਾਰੇ,
ਕੁੱਲ ਦੁਨੀਆਂ ਆਸ ਪਾਸ ਏਕ ਦਿਨ ।
ਦਿਲ ਵਿਚ ਹੈ ਵਿਸ਼ਵਾਸ਼, ਡੂੰਘਾ ਹੈ ਵਿਸ਼ਵਾਸ਼
ਹੋਵਾਂਗੇ ਕਾਮਯਾਬ ਏਕ ਦਿਨ !

ਅਸੀਂ ਕੀ ਗੋਰੇ ਕੀ ਕਾਲੇ, ਅਸੀਂ ਕੀ ਗੋਰੇ ਕੀ ਕਾਲੇ,
ਸਭ ਕਾਮੇ ਇਕ ਜਮਾਤ ਏਕ ਦਿਨ।
ਦਿਲ ਵਿਚ ਹੈ ਵਿਸ਼ਵਾਸ਼, ਡੂੰਘਾ ਹੈ ਵਿਸ਼ਵਾਸ਼
ਹੋਵਾਂਗੇ ਕਾਮਯਾਬ ਏਕ ਦਿਨ ।

ਹੈ ਜਿੱਤ ਸੱਚ ਦੀ ਹੋਣੀ, ਹੈ ਜਿੱਤ ਸੱਚ ਦੀ ਹੋਣੀ,
ਤੇ ਸੱਚ ਹੈ ਸਾਡੇ ਪਾਸ ਏਕ ਦਿਨ ।
ਦਿਲ ਵਿਚ ਹੈ ਵਿਸ਼ਵਾਸ਼, ਡੂੰਘਾ ਹੈ ਵਿਸ਼ਵਾਸ਼
ਹੋਵਾਂਗੇ ਕਾਮਯਾਬ ਏਕ ਦਿਨ ।

ਸਾਨੂੰ ਡਰ ਭਓ ਨਾ ਡੋਲਾਏ, ਸਾਨੂੰ ਡਰ ਭਓ ਨਾ ਡੋਲਾਏ,
ਸਾਡਾ ਏਕਾ ਫਸਟ ਫੌਲਾਦ ਏਕ ਦਿਨ ।
ਦਿਲ ਵਿਚ ਹੈ ਵਿਸ਼ਵਾਸ਼, ਡੂੰਘਾ ਹੈ ਵਿਸਵਾਸ਼
ਹੋਵਾਂਗੇ ਕਾਮਯਾਬ ਏਕ ਦਿਨ ।



ਹਰ ਆਫਤ ਦਾ ਜਵਾਬ, ਹਰ ਆਫਤ ਦਾ ਜਵਾਬ,
ਚਾਹੁੰਦੇ ਹਾਂ ਇਨਕਲਾਬ ਏਕ ਦਿਨ ।
ਦਿਲ ਵਿਚ ਹੈ ਵਿਸ਼ਵਾਸ਼, ਡੂੰਘਾ ਹੈ ਵਿਸ਼ਵਾਸ਼
ਹੋਵਾਂਗੇ ਕਾਮਯਾਬ ਏਕ ਦਿਨ ।

ਹੋਵਾਂਗੇ ਕਾਮਯਾਬ, ਹੋਵਾਂਗੇ ਕਾਮਯਾਬ
ਹੋਵਾਂਗੇ ਕਾਮਯਾਬ ਏਕ ਦਿਨ ।
ਦਿਲ ਵਿਚ ਹੈ ਵਿਸ਼ਵਾਸ਼, ਡੂੰਘਾ ਹੈ ਵਿਸ਼ਵਾਸ਼
ਹੋਵਾਂਗੇ ਕਾਮਯਾਬ ਏਕ ਦਿਨ ।

# ਯੂਨੀਅਨ ਦਾ ਹੋਕਾ

ਭੁੱਖਾਂ ਦੁੱਖਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਜੇ
ਜੂਲਾ ਗਲੋਂ ਗੁਲਾਮੀ ਵਾਲਾ ਲਾਹੁਣਾ ਚਾਹੁੰਦੇ ਜੇ
ਹੱਥ ਵਧਾਓ ਹਿੱਸਾ ਪਾਓ ਲੋਕ ਲਹਿਰ ਵਿਚ ਲੋਕਾ ਵੇ
ਯੂਨੀਅਨ ਦੇ ਵਿਚ ਭਰਤੀ ਹੋ ਜਾਓ ਯੂਨੀਅਨ ਦਾ ਹੋਕਾ ਵੇ

ਬੜਾ ਹੀ ਕਾਮਿਆਂ ਦੀ ਏਕਤਾ ਵਿਚ ਜ਼ੋਰ ਹੈ
ਇਸ ਜ਼ੋਰ ਅੱਗੇ ਮਾਲਕਾਂ ਦੀ ਹਰ ਤਾਕਤ ਕਮਜ਼ੋਰ ਹੈ
ਹੁਣ ਹਰ ਜਗ੍ਹਾ ਹੀ ਕਾਮਿਓਂ ਕਾਮਿਆਂ ਦਾ ਰਾਜ ਹੋਊ
ਹੁਣ ਪੈਰਾਂ ਥੱਲੇ ਲੁੱਟ ਦਾ ਆ ਗਿਆ ਹਰ ਤਾਜ ਹੋਊ
ਇਹ ਕਹਿ ਰਿਹਾ ਹੈ ਵਗ ਰਹੀ ਨਵੀਂ ਵਾਅ ਦਾ ਝੋਕਾ ਵੇ ।

ਗੰਦਗੀ ਵਿਚ ਰੀਂਗਦੀ ਇਹ ਜਿੰਦਗੀ ਜੇ ਰਾਸ ਹੈ
ਤਾਂ ਭੁਲ ਜਾਓ ਫਿਰ ਯੂਨੀਅਨ ਦੀ ਗੱਲ ਬਕਵਾਸ ਹੈ
ਜੇ ਜਿੰਦਗੀ ਨੂੰ ਜੀਣ ਜੋਗਾ ਹੋ ਬਣਾਉਣਾ ਲੋਚਦੇ
ਤਾਂ ਹੱਥ ਮਿਲਾਓ ਫਿਰ ਉਨ੍ਹਾਂ ਸੰਗ ਜੋ ਇਹੋ ਗੱਲ ਸੋਚਦੇ
ਕਿਰਤਾਂ ਵਾਲੇ ਕੱਠੇ ਹੋ ਜਾਓ ਕੀ ਵੱਡਾ ਕੀ ਛੋਟਾ ਵੇ ।

ਉੱਠੋ ਉੱਠੋ ਉੱਠੋ ਉੱਠੋ, ਕਾਮਿਓਂ ਹਰ ਦੇਸ਼ ਚੋਂ
ਉੱਠੋ ਹੁਣ ਹਰ ਧਰਮ ਚੋਂ ਹਰ ਨਸਲ ਚੋਂ ਹਰ ਭੇਸ ਚੋਂ
ਫੁੱਟ ਦੀ ਹੁਣ ਪਾਈ ਹਰ ਲਕੀਰ ਨੂੰ ਹੈ ਲੰਘਣਾ
ਇਕ ਅਵਾਜ਼ ਹੋ ਕੇ ਦੁਨੀਆਂ ਚੋਂ ਹੈ ਹਿੱਸਾ ਮੰਗਣਾ
ਪੂੰਜੀਪਤੀਆਂ ਦਾ ਹਰ ਲਾਰਾ ਹੋ ਗਿਆ ਹੈ ਖੋਟਾ ਵੇ ।



# ਕਾਮਿਆਂ ਨੂੰ ਸੱਦਾ

ਦੁਨੀਆਂ ਭਰ ਦੇ ਕਾਮਿਓਂ ਹੁਣ ਅੱਖ ਉਘਾੜੋ
ਉੱਠੋ ਕੜੀ ਗੁਲਾਮੀਆਂ ਦੀ ਤੋੜ ਉਤਾਰੋ ।

ਨਾ ਕੀੜੀਆਂ ਵਾਂਗੂੰ ਰੀਂਗ ਕੇ ਜੀਵਨ ਹੰਢਾਉਣਾ
ਹੁਣ ਸੀਸ ਉਠਾ ਕੇ ਹੱਥ ਹੈ ਅਸਮਾਨੀ ਪਾਉਣਾ
ਹੁਣ ਹੱਕ ਸੱਚ ਵਾਲੇ ਜੋਸ਼ ਵਿਚ ਮੁੱਕਿਆਂ ਨੂੰ ਤਣਕੇ
ਇਕ ਆਵਾਜ਼ੇ ਹਾਕ ਇਕ ਜਿੰਦਗੀ ਨੂੰ ਮਾਰੋ ।

ਹੋ ਆਕੀ ਹੱਥ ਮਜ਼ਦੂਰ ਦਾ ਜੇਕਰ ਅੜ ਜਾਵੇ
ਜਿੱਥੇ ਕਿੱਥੇ ਦੁਨੀਆਂ ਉਥੇ ਖੜ੍ਹ ਜਾਵੇ
ਪੁਲਸ ਕਾਨੂੰਨ ਕਚਿਹਰੀਆਂ ਸਭ ਸਿਫਰ ਹੋ ਜਾਵਣ ।
ਇਕ ਆਵਾਜ਼ੇ ਮੂੰਹ ਚੋਂ ਜੇ "ਨਹੀਂ" ਉਚਾਰੋ ।

ਇਹ ਬੈਂਕ ਖਜ਼ਾਨੇ ਬਿਲਡਿੰਗਾਂ ਸਭ ਮਾਲ ਤੁਹਾਡਾ
ਪਰ ਕੀਤਾ ਏਸ ਨਿਜ਼ਾਮ ਨੇ ਕੀ ਹਾਲ ਤੁਹਾਡਾ
ਹਰ ਖੂਨ ਚੂਸਣੀ ਜੋਕ ਹੁਣ ਪਿੰਡਿਆਂ 'ਤੋਂ ਤੋੜੋ
ਢਾਉ ਏਸ ਨਿਜ਼ਾਮ ਨੂੰ ਤੇ ਨਵਾਂ ਉਸਾਰੋ ।

ਆਉ ਆਦਮੀ ਔਰਤਾਂ ਸਭ ਕੱਠੇ ਆਉ
ਝੰਡਾ ਜਥੇਬੰਦੀ ਦਾ ਹੱਥ ਵਿਚ ਉਠਾਉ
ਲੁੱਟ ਦੇ ਰਾਜ ਸਿੰਘਾਸਨਾਂ ਨੂੰ ਰੋੜ੍ਹ ਲਿਜਾਏ
ਬਣ ਕੇ ਐਸੀ ਲਹਿਰ ਇਕ ਪਏ ਠਾਠਾਂ ਮਾਰੋ ।

ਖੜ੍ਹ ਸਕਦੇ ਵਿਚ ਤੂਫਾਨ ਦੇ ਜੇ ਰਹੀਏ ਕੱਠੇ
ਜੁਦੇ ਜਦੋਂ ਵੀ ਹੋਏ ਅਸੀਂ ਢਠੇ ਹੀ ਢੱਠੇ
[illegible] ਜਣਾ ਹੈ ਸਭਨਾਂ ਲਈ ਸਭ ਇਕ ਜਣੇ ਲਈ
ਐਸਾ [illegible] ਟੀਆਂ ਭਾਈਚਾਰਾ ਪਾਲੋ ।

ਕੰਗਾਲੀ ਦੇ ਕੈਦੀਓ ਹੁਣ ਉੱਠੋ ਉੱਠੋ
ਝੰਡਾ ਹੱਥ ਬਗਾਵਤਾਂ ਦਾ ਚੁੱਕੋ ਚੁੱਕੋ
ਕੁੱਟ ਕੱਢੋ ਸ਼ੈਤਾਨ ਨੂੰ ਦੁਨੀਆਂ ਦੇ ਵਿਚੋਂ
ਸਾਂਭੋ ਆਪਣੀ ਸਿਰਜਣਾ ਐ ਸਿਰਜਣਹਾਰੋ ।



# ਰੋਟੀ ਤੇ ਦਰਵੇਸ਼

ਸਾਧੂ ਬਾਬੇ ਜੱਤਾਂ ਵਾਲੇ
ਬੜੇ ਸਿਆਣੇ ਮੱਤਾਂ ਵਾਲੇ
ਮੁੱਲਾਂ ਪੰਡਤ ਪਾਦਰੀ ਭਾਈ
ਗਿਆਨ ਧਿਆਨ ਦੀ ਕਲਗੀ ਲਾਈ ।
ਆ ਸਾਡਾ ਬੂਹਾ ਖੜਕਾਉਂਦੇ
ਰੱਬ ਦੀਆਂ ਰਮਜ਼ਾਂ ਸਮਝਾਉਂਦੇ ।
ਇਹ ਕਾਇਨਾਤ ਸਭ ਉਹਦੀ ਸਾਜੀ
ਉਹਦੀ ਰਜ਼ਾ 'ਚ ਰਾਂਝਾ ਰਾਜ਼ੀ ।
ਰੁੱਖੀ ਮਿੱਸੀ ਮਿਲੇ ਤਾਂ ਖਾਓ
ਕੰਮ ਕਰੋ ਤੇ ਨਾਮ ਧਿਆਓ ।
ਰੱਬ ਘਰ ਦੇ ਦਰਵੇਸ਼ ਕਹਾਉਂਦੇ
ਉਹ ਆਉਂਦੇ ਤੇ ਮੁੜ ਮੁੜ ਆਉਂਦੇ ।
ਵੱਡੀਆਂ ਵੱਡੀਆਂ ਗੱਲਾਂ ਵਾਲੇ
ਗੱਲ ਗੱਲ ਵਿਚ ਤਰਥੱਲਾਂ ਵਾਲੇ ।
ਜੇ ਮਸਲਾ ਰੋਟੀ ਦਾ ਚੱਕੋ
ਤਾਂ ਕਹਿੰਦੇ ਜੀ ਧੀਰਜ ਰੱਖੋ ।
ਅੰਨ ਬੜਾ ਅਸਮਾਨੋਂ ਪਾਰ
ਲੰਗਰ ਦੇਵਤਿਆਂ ਵਿਚਕਾਰ ।
ਰੁੱਖੀ ਮਿੱਸੀ ਮਿਲੇ ਤਾਂ ਖਾਓ
ਕੰਮ ਕਰੋ ਤੇ ਨਾਮ ਧਿਆਓ ।

ਦਾਨ ਕਰੋ ਤੇ ਪਾਪ ਪਛਾਣੋ
ਉਹਦਾ ਭਾਣਾ ਮਿੱਠਾ ਜਾਣੋ ।
ਇਕ ਦਿਓਗੇ ਲੱਖ ਪਾਓਗੇ
ਸਿੱਧੇ ਸੁਰਗਾਂ ਨੂੰ ਜਾਓਗੇ ।

ਐਸਾ ਸੁਰ ਦਾ ਰਾਗ ਸੁਣਾਵਣ
ਖੀਸੇ ਖਾਲੀ ਕਰਦੇ ਜਾਵਣ ।
ਢਿੱਡ ਵਿਚ ਨੱਪ ਕੇ ਖਚਰਾ ਹਾਸਾ
ਜਾਂਦੇ ਜਾਂਦੇ ਦੇਣ ਦਿਲਾਸਾ :
ਰੁੱਖੀ ਮਿੱਸੀ ਮਿਲੇ ਤਾਂ ਖਾਓ
ਕੰਮ ਕਰੋ ਤੇ ਨਾਮ ਧਿਆਓ

ਜੇ ਹੱਕਾਂ ਦੇ ਲਈ ਲੜੋ ਜੀ
ਤਾਂ ਕਹਿੰਦੇ ਕੁਛ ਅਕਲ ਕਰੋ ਜੀ ।
ਛੱਡੋ ਸਾਰਾ ਝਗੜਾ ਝੇੜਾ
ਕੀ ਤੇਰਾ ਕੀ ਮੇਰਾ ਮੇਰਾ ।
ਆਰੀ ਅੱਗੇ ਲਕੜੀ ਬਣ ਜਾਓ
ਸ਼ੇਰ ਦੇ ਅੱਗੇ ਬੱਕਰੀ ਬਣ ਜਾਓ ।
ਦੁਮ ਹਿਲਾਓ ਤੇ ਮਮਿਆਓ
ਨਹੀਂ ਤਾਂ ਸਿੱਧੇ ਨਰਕ ਨੂੰ ਜਾਓ ।
ਰੁੱਖੀ ਮਿੱਸੀ ਮਿਲੇ ਤਾਂ ਖਾਓ
ਕੰਮ ਕਰੋ ਤੇ ਨਾਮ ਧਿਆਓ ।

ਭੁੱਖ ਨੂੰ ਭਗਤੀ ਰੰਗ ਵਿਚ ਢਾਲਣ
ਖ਼ੁਦਾ ਦੇ ਨਾਂਅ ਤੇ ਖ਼ੁਦੀਆਂ ਪਾਲਣ ।
ਐ ਦੁਨੀਆਂ ਦੇ ਕਿਰਤੀ ਲੋਕਾ
ਫੰਦ ਫਰੇਬ ਦਾ ਪਾੜ ਦੇ ਖੋਖਾ ।
ਝੰਡਾ ਸੰਘਰਸ਼ਾਂ ਦਾ ਚੁੱਕੋ
ਆਪਣੇ ਹੱਕਾਂ ਦੇ ਲਈ ਉੱਠੋ ।
ਹੱਕਾਂ ਦੀ ਜੰਗ ਜਿੱਤ ਜਾਵਾਂਗੇ
ਤਾਂ ਫਿਰ ਇਕ ਆਵਾਜ਼ ਗਾਵਾਂਗੇ :
ਅੰਨ ਬੜਾ ਧਰਤੀ ਦੇ ਉਤੇ
ਰੱਜ ਕੇ ਖਾਓ ਨਾ ਖਾਧਿਆਂ ਮੁੱਕੇ ।



ਨ੍ਹੇਰੀਆਂ ਨੁੱਕਰਾਂ ਰੁਸ਼ਨਾਵਾਂਗੇ
ਪਕੜ ਪਾਖੰਡੀਆਂ ਨੂੰ ਗਾਵਾਂਗੇ :
ਖੇਤੀਂ ਅੰਨ ਉਗਾਉਣਾ ਸਿੱਖ
ਦਾਤੀ 'ਥੋੜਾ ਚਲਾਉਣਾ ਸਿੱਖੋ ।
ਭੱਠੀਏ ਅੱਗ ਮਘਾਉਣੀ ਸਿੱਖ
ਤਵੀ 'ਤੇ ਰੋਟੀ ਪਾਉਣੀ ਸਿੱਖੋ ।
ਅੰਨ ਬੜਾ ਧਰਤੀ ਦੇ ਉਤੇ
ਰੱਜ ਕੇ ਖਾਓ ਨਾ ਖਾਧਿਆਂ ਮੁੱਕੇ ।
ਜਿੰਨੀ ਜ਼ਰੂਰਤ ਉਨਾ ਖਾਓ
ਕੰਮ ਕਰੋ ਬੰਦੇ ਬਣ ਜਾਓ ।

## ਵਰਤਿਆ ਹੋਇਆ

ਮਹਿਲਾਂ ਵਿਚੋਂ ਚੜ੍ਹਿਆ ਜੋ ਦਿਨ ਮਹਿਲੀਂ ਪਰਤ ਗਿਆ ਹੈ ।
ਮੈਂ ਫਿਰ ਖਾਲੀ ਠੂਠਾ ਠੂਠਾ ਮਾਲਕਾਂ ਵਰਤ ਲਿਆ ਹੈ ।

ਤੇਲ ਵਰਤਦੇ ਰੁਖ ਵਰਤਦੇ ਵਰਤਣ ਹਵਾ ਤੇ ਪਾਣੀ
ਔਰਤ ਬੱਚੇ ਬੁੱਢੇ ਵਰਤਣ ਵਰਤਣ ਕੁੱਲ ਜਵਾਨੀ
ਹੈ ਕੋਈ ਐਸਾ ਜੋ ਉਹਨਾਂ ਤੋਂ ਵਰਤਿਆ ਨਹੀਂ ਗਿਆ ਹੈ ।

ਭਲਕੇ ਉਹਨਾਂ ਮੇਰੇ ਤੇ ਮੁੜ ਇਹ ਕਿੱਸਾ ਦੁਹਰਾਉਣਾ
ਭਰਿਆ ਭਰਿਆ ਮੈਂ ਹੈ ਜਾਣਾ ਖਾਲੀ ਖਾਲੀ ਆਉਣਾ
ਸੋਨਾ ਸੋਨਾ ਜੋ ਮੈਂ ਕੀਤਾ ਉਹਨਾਂ ਹੜੱਪ ਲਿਆ ਹੈ ।

ਤੱਕਾਂ ਆਪਣੀ ਖਿੜਕੀ ਵਿਚੋਂ ਬਾਹਰ ਜੋ ਦੁਨੀਆਂ ਵਸਦੀ
ਉਹ ਮੇਰੀ ਅੱਖ ਉਤੇ ਥੁੱਕਦੀ ਉਹ ਮੇਰੇ ਤੇ ਹੱਸਦੀ
ਜ਼ਿੰਦਗੀ ਨੇ ਜਿਉਂ ਮੇਰੇ ਵੱਲੋਂ ਪਾਸਾ ਪਰਤ ਲਿਆ ਹੈ ।

ਕਦੀ ਮੈਂ ਆਪਣੇ ਖਾਬਾਂ ਦੇ ਵਿਚ ਬੈਠਾਂ ਰੁੱਖੜੇ ਛਾਵੇਂ
ਖੁਸ਼ੀਆਂ ਆ ਕੇ ਹੱਥ ਮੇਰੇ ਤੇ ਧਰ ਜਾਵਣ ਸਿਰਨਾਵੇਂ
ਹੋ ਸਕਦਾ ਮੈਂ ਜ਼ਿੰਦਗੀ ਵਿਚ ਕੋਈ ਸੁਪਨਾ ਗਲਤ ਲਿਆ ਹੈ ।

ਮੈਂ ਹੱਸ ਸਕਨਾਂ ਮੈਂ ਗਾ ਸਕਨਾਂ ਮੈਂ ਖੁਸ਼ ਹੋ ਸਕਦਾ ਹਾਂ
ਇਹ ਨਾਂ ਸੋਚੋ ਲੜ ਨਹੀਂ ਸਕਦਾ ਜੇ ਮੈਂ ਰੋ ਸਕਦਾ ਹਾਂ
ਭਾਣੇ ਤੇ ਬਣ ਭਾਣਾ ਵਰਤੂੰ ਭਾਣਾ ਜੋ ਵਰਤ ਰਿਹਾ ਹੈ ।

ਮਹਿਲਾਂ ਵਿਚੋਂ ਚੜ੍ਹਿਆ ਜੋ ਦਿਨ ਮਹਿਲੀਂ ਪਰਤ ਗਿਆ ਹੈ ।
ਮੈਂ ਫਿਰ ਖਾਲੀ ਠੂਠਾ ਠੂਠਾ ਮਾਲਕਾਂ ਵਰਤ ਲਿਆ ਹੈ ।



## ਲੋਕਾਂ ਦਾ ਐਲਾਨ

ਹੋਇਆ ਲੋਕਾਂ ਦਾ ਐਲਾਨ ਬੱਲੇ ਬੱਲੇ :
ਅਸੀਂ ਰਹਿਣਾ ਨਾ ਗੁਲਾਮ ਬੱਲੇ ਬੱਲੇ ।

ਹੁਣ ਲੋਕਤਾ ਤੂਫਾਨ ਬਣ ਉਠੂ
ਹਰ ਕੜੀ ਇਹ ਗੁਲਾਮੀ ਵਾਲੀ ਟੁੱਟੂ
ਨਵੇਂ ਯੁੱਗ ਦਾ ਰੁਝਾਨ ਬੱਲੇ ਬੱਲੇ ।

ਹੁਣ ਦੁੱਧ ਬੁੜ੍ਹੇਂ ਬੱਚਾ ਨਾ ਕੋਈ ਰੋਊ
ਹੁਣ ਹੱਦਾਂ ਤੇ ਨਾ ਫੌਜੀ ਢੇਰੀ ਹੋਊ
ਸਾਡਾ ਸਾਂਝਾ ਅਸਮਾਨ ਬੱਲੇ ਬੱਲੇ ।

ਮੁਲ ਕਿਰਤਾਂ ਦਾ ਕਿਰਤੀਆਂ ਲੈਣਾ
ਹੁਣ ਰਾਜਿਆਂ ਦਾ ਰਾਜ ਨਹੀਉਂ ਰਹਿਣਾ
ਸਭ ਕਾਮੇ ਇਕ ਜਾਨ ਬੱਲੇ ਬੱਲੇ

ਹੁਣ ਲੁੱਟ ਵਾਲੇ ਕਿਲੇ ਸਭ ਢਹਿਣੇ
ਅਸੀਂ ਖੇਤ ਕਾਰਖਾਨੇ ਖੋਹ ਲੈਣੇ
ਲੋਕ ਯੁੱਧ ਦਾ ਐਲਾਨ ਬੱਲੇ ਬੱਲੇ ।

ਅਸੀਂ ਰਹਿਣਾ ਨਾ ਗੁਲਾਮ ਬੱਲੇ ਬੱਲੇ
ਹੋਇਆ ਲੋਕਾਂ ਦਾ ਐਲਾਨ ਬੱਲੇ ਬੱਲੇ ।

# ਯੂਨੀਅਨ ਵਾਲੀ

ਇਕ ਵੇਰਾਂ ਇਕ ਹੁੰਦੀ ਸੀ ਇਕ ਯੂਨੀਅਨ ਵਾਲੀ
ਹੱਕਾਂ ਦੀ ਸੀ ਕਰਦੀ ਉਹ ਡਟਕੇ ਰਖਵਾਲੀ
ਨਾ ਦਿਨ ਦੇਖੇ ਨਾ ਰਾਤ ਨਾ ਸ਼ਾਮ ਸਵੇਰ
ਯੂਨੀਅਨ ਵਾਲੀ ਕਹਿੰਦੇ ਸੀ ਬੜੀ ਦਲੇਰ ।
ਕੀ ਮਾਲਕ ਕੀ ਮਾਲਕਾਂ ਦੇ ਗੁੰਡੇ ਢਾਣੇ
ਕੀ ਅਫਸਰ ਕੀ ਹਾਕਮ ਕੀ ਜੇਲਾਂ ਥਾਣੇ
ਯੂਨੀਅਨ ਵਾਲੀ ਕਦੀ ਵੀ ਕਿਸੇ ਤੋਂ ਨਾ ਡਰਦੀ
ਖਰੀ ਖਰੀ ਗੱਲ ਸਦਾ ਮੂੰਹ ਉੱਤੇ ਕਰਦੀ :
ਮੈਂ ਯੂਨੀਅਨ ਵਾਲੀ ਨਾਲ ਯੂਨੀਅਨ ਦੇ ਖੜ੍ਹਾਂ
ਯੂਨੀਅਨ ਮੇਰੇ ਨਾਲ ਮੈਂ ਕਿਸ ਬਲਾਅ ਤੋਂ ਡਰਾਂ ?
ਮੈਂ ਯੂਨੀਅਨ ਵਾਲੀ ਨਾਲ ਯੂਨੀਅਨ ਦੇ ਖੜ੍ਹਾਂ
ਮੈਂ ਯੂਨੀਅਨ ਲਈ ਜੀਆਂ ਮੈਂ ਯੂਨੀਅਨ ਲਈ ਮਰਾਂ ।

ਯੂਨੀਅਨ ਵਾਲੀ ਸੀ ਸਭ ਕੁੱਝ ਜਾਣਦੀ
ਮਾਲਕਾਂ ਦੀ ਹਰ ਇਕ ਚਾਲ ਨੂੰ ਪਛਾਣਦੀ ।
ਲੋਕਾਂ ਨੂੰ ਯੂਨੀਅਨ 'ਚ ਭਰਤੀ ਸੀ ਕਰਦੀ
ਨ੍ਹੇਰੀਆਂ ਅੱਖਾਂ ਵਿਚ ਰੋਸ਼ਨੀ ਸੀ ਭਰਦੀ ।
'ਕੱਠਾ ਹੋ ਮਲੱਖ ਫਿਰ ਖੜਾ ਹੋ ਜਾਂਦਾ
ਆਪਣੇ ਹੱਕਾਂ ਦੇ ਜੈਕਾਰੇ ਗੁੰਜਾਂਦਾ ।
ਏਕੇ ਦੇ ਝੱਖੜ ਅੱਗੇ ਮਾਲਕ ਝੁਕ ਜਾਂਦੇ
ਜਿੱਤ ਵਿਚ ਖੀਵੇ ਲੋਕ ਭੰਗੜੇ ਪਏ ਪਾਂਦੇ :
ਮੈਂ ਯੂਨੀਅਨ ਵਾਲੀ ਨਾਲ ਯੂਨੀਅਨ ਦੇ ਖੜ੍ਹਾਂ
ਯੂਨੀਅਨ ਮੇਰੇ ਨਾਲ ਮੈਂ ਕਿਸ ਬਲਾਅ ਤੋਂ ਡਰਾਂ ?
ਮੈਂ ਯੂਨੀਅਨ ਵਾਲੀ ਨਾਲ ਯੂਨੀਅਨ ਦੇ ਖੜ੍ਹਾਂ
ਮੈਂ ਯੂਨੀਅਨ ਲਈ ਜੀਆਂ ਮੈਂ ਯੂਨੀਅਨ ਲਈ ਮਰਾਂ ।



ਔਰਤਾਂ ਲਈ ਔਖਾ ਬੜਾ ਅੰਦੋਲਨ ਕਰਨਾ
ਆਪਣੇ ਦੋ ਪੈਰਾਂ 'ਤੇ ਪੈਂਦਾ ਹੈ ਖੜਨਾ ।
ਘਰ ਦੇ ਬਾਹਰ ਦੇ ਆਦਮੀਆਂ ਤੋਂ ਡਰਨਾ
ਪਰ ਹੁਣ ਉਠਿਆਂ ਬਗੈਰ ਨਾ ਸਰਨਾ ।
ਜੀਅ ਜਾਨ ਹੋ ਕੇ ਏਕਾ ਹੈ ਕਰਨਾ
ਏਕਾ ਹੈ ਕਰਨਾ ਲੜ ਯੂਨੀਅਨ ਦਾ ਫੜਨਾ ।
ਕਰਨੀ ਆਪਣੇ ਹੱਕਾਂ ਦੀ ਆਪ ਰਖਵਾਲੀ
ਹਰ ਔਰਤ ਬਣੇ ਹੁਣ ਯੂਨੀਅਨ ਵਾਲੀ :
ਮੈਂ ਯੂਨੀਅਨੇ ਵਾਲੀ ਨਾਲ ਯੂਨੀਅਨ ਦੇ ਖੜ੍ਹਾਂ
ਯੂਨੀਅਨ ਮੇਰੇ ਨਾਲ ਮੈਂ ਕਿਸ ਬਲਾਅ ਤੋਂ ਡਰਾਂ ?
ਮੈਂ ਯੂਨੀਅਨ ਵਾਲੀ ਨਾਲ ਯੂਨੀਅਨ ਦੇ ਖੜ੍ਹਾਂ
ਮੈਂ ਯੂਨੀਅਨ ਲਈ ਜੀਆਂ ਮੈਂ ਯੂਨੀਅਨ ਲਈ ਮਰਾਂ ।

# ਆਦਿ ਵਾਸੀ

ਐ ਸੋਨਾ ਯੁਗ ਦੇ ਮਾਲਕੋ ਐ ਸ਼ੀਸ਼ੇ ਦੇ ਸੰਸਾਰ,
ਅਸੀਂ ਪੱਥਰ ਯੁਗ ਦੇ ਆਦਮੀ ਸਾਡੇ ਲੋਹੇ ਜਿਹੇ ਖਿਆਲ ।

ਇਹ ਧਰਤੀ ਸਾਡੀ ਮਾਂ ਹੈ ਸਾਡੀ ਤਾਕਤ ਸਾਡਾ ਪਿਆਰ
ਅਸੀਂ ਦੁਖ ਸੁਖ ਵੰਡਕੇ ਭੋਗਦੇ ਸਾਡੀ ਖੁਸ਼ੀ ਦਾ ਇਹੋ ਆਧਾਰ ।

ਤੁਸੀਂ ਧਰਤੀ ਦੇ ਸਭ ਪਾਣੀਆਂ ਵਿਚ ਰਹੇ ਬਾਰੂਦ ਰਲਾ
ਤੁਸੀਂ ਜ਼ਹਿਰ ਪੌਣਾਂ ਨੂੰ ਚਾੜ੍ਹ 'ਤਾ ਤੁਸੀਂ ਥਾਂ ਥਾਂ ਜੰਗਾਂ ਲਾਅ ।

ਤੁਸੀਂ ਐਟਮ ਧਾਰੀ ਜਗਤ ਨੂੰ ਰਹੇ ਮੌਤ ਦੇ ਮੂੰਹ ਵਿਚ ਤੁੰਨ
ਏਹ ਕੇਸ ਮਨੁੱਖ ਦੀ ਸਭਿਅਤਾ, ਏਹ ਕੇਸ ਅਕਲ ਦੀ ਧੁੰਨ ।

ਥੋੜੀ ਲੁੱਟ ਚੋਂਘ ਦੀ ਲਾਲਸਾ, ਕਰ ਰਹੀ ਹੈ ਜਗਤ ਤਬਾਹ
ਤੁਸੀਂ ਮਾਨਵ ਹੋ ਕੇ ਭੇੜੀਏ, ਰਹੇ ਮਾਨਵਤਾ ਨੂੰ ਖਾ ।

ਤੁਸੀਂ ਸਭ ਕੁੱਝ ਖੋਹਣਾ ਲੋਚਦੇ, ਸਾਨੂੰ ਵੰਡ ਖਾਣ ਦਾ ਚਾਅ
ਸਾਡੇ ਅੰਬਰਾਂ ਜਿਹੇ ਅਸੂਲ ਨੇ ਸਾਡੇ ਕੁਦਰਤ ਜਿਹੇ ਸੁਭਾਅ ।

ਤੁਸੀਂ ਸਾਥੋਂ ਵਧ ਚਲਾਕ ਹੋ ਪਰ ਹੋ ਮੁਹੱਬਤ ਹੀਣ
ਤੁਸੀਂ ਅੰਬਰਾਂ ਉਤੇ ਦੌੜਦੇ ਸਾਡੇ ਪੈਰਾਂ ਹੇਠ ਜ਼ਮੀਨ ।

ਸਾਡੇ ਲਈ ਸੂਰਜ ਸਮਾਂ ਹੈ, ਥੋੜਾ ਸਮਾਂ ਹੈ ਧਨ ਬੇ-ਮਾਨ
ਤੁਸੀਂ ਬੰਬ ਦੀ ਬੋਲੀ ਜਾਣਦੇ ਅਸੀਂ ਧਰਤੀ ਦੀ ਜ਼ੁਬਾਨ ।

ਬੱਦਲਾਂ ਵਿਚ ਚਿੰਤਨ ਬੀਜ ਨੇ ਮਨ ਵਿਚ ਚਿੰਤਨ ਦੀ ਠਾਣ
ਹੈ ਕੁਦਰਤ ਅਤੇ ਮਨੁੱਖ ਦੀ ਇਕ ਦੂਜੇ ਵਿਚ ਪਹਿਚਾਣ ।



ਰਹੇ ਉਮਰ ਉਮਰ ਭਰ ਜੂਝਦੀ ਇਹ ਜ਼ਿੰਦਗੀ ਹੈ ਸੰਗਰਾਮ
ਅਸੀਂ ਘੁਲੇ ਚੋਗਿਰਦੇ ਵਿਚ ਹਾਂ ਸਾਡੀ ਜੁਦਾ ਨਹੀਂ ਪਹਿਚਾਣ ।

ਸਾਡੀਆਂ ਚੱਲ ਚੱਲ ਜੁੱਤੀਆਂ ਘਸੀਆਂ ਸਾਨੂੰ ਕਦਮਾਂ ਦੀ ਪਹਿਚਾਣ
ਬੱਚਿਆਂ ਲਈ ਮੌਜੇ ਬਣਨਗੇ ਸਾਡੇ ਕਦਮਾਂ ਦੇ ਨਿਸ਼ਾਨ ।

ਸਾਡੇ ਬੱਚੇ ਮਿੱਟੀ ਖੇਲਦੇ, ਅੱਜ ਹੋ ਰਹੇ ਜੋ ਜੁਆਨ
ਥੋੜੇ ਖੋਹ ਲੈਣੇ ਹਥਿਆਰ ਨੇ, ਉਹਨਾਂ ਚੁੱਕ ਕੇ ਤੀਰ ਕਮਾਨ ।

ਇਹ ਕਿਰਤੀ ਜੋ ਸੰਸਾਰ ਦੇ ਇਹ ਸਾਡਾ ਹੀ ਉਲਥਾਅ
ਸਾਡੀਆਂ ਆਵਣ ਵਾਲੀਆਂ ਪੀੜ੍ਹੀਆਂ ਜਾਣੀਆਂ ਇਨ੍ਹਾਂ ਦੇ ਵਿਚ ਸਮਾ।

ਅਸੀਂ ਘੜ ਲਾਂਗੇ ਕਾਨੂੰਨ ਫਿਰ, ਜਿਉਂ ਘੜਦੇ ਹਾਂ ਔਜ਼ਾਰ
ਖੁਸ਼ੀ ਅਜ਼ਾਦੀ ਮਾਣ ਦਾ ਹੋਊ ਜੱਗ ਦੇ ਵਿਚ ਪਸਾਰ ।

## ਜੇ ਤੇਰੇ ਘਰ

ਜੇ ਤੇਰੇ ਘਰ ਪੁੱਤ ਜੰਮੇ ਉਹਨੂੰ ਦੇਸ਼ ਦੇ ਨਾਂਅ ਲਗਾ ਦੇਵੀਂ
ਤੇ ਇਨਕਲਾਬੀ ਗੀਤ ਵਾਲੀ ਉਹਦੇ ਮੂੰਹ ਨੂੰ ਗੁੜਤੀ ਲਾਅ ਦੇਵੀਂ ।

ਜੇ ਤੇਰੇ ਘਰ ਧੀਅ ਜੰਮੇ ਉਹਨੂੰ ਦੇਸ਼ ਦੇ ਨਾਂਅ ਲਗਾ ਦੇਵੀਂ
ਤੇ ਇਨਕਲਾਬੀ ਗੀਤ ਵਾਲੀ ਉਹਦੇ ਮੂੰਹ ਨੂੰ ਗੁੜਤੀ ਲਾਅ ਦੇਵੀਂ ।

ਕੋਈ ਤੇਰੇ ਘਰ ਨਾ ਜੰਮੇ ਖੁਦ ਦੇਸ਼ ਦੇ ਨਾਂਅ ਲਗਾ ਦੇਵੀਂ
ਤੇ ਇਨਕਲਾਬੀ ਗੀਤ ਵਾਲੀ ਕੁੱਲ ਦੇਸ਼ ਨੂੰ ਯਾਦ ਦਿਲਾ ਦੇਵੀਂ ।



# ਦੋ

## ਸਰਹੱਦੋਂ ਪਾਰ

# ਮਿਹਨਤਕਸ਼-1

ਅਸੀਂ ਮਿਹਨਤਕਸ਼ ਦੁਨੀਆਂ ਵਿਚੋਂ ਹੁਣ ਆਪਣਾ ਹਿੱਸਾ ਮੰਗਦੇ ਹਾਂ
ਇਕ ਖੇਤ ਨਹੀਂ ਇਕ ਦੇਸ਼ ਨਹੀਂ ਅਸੀਂ ਸਾਰੀ ਦੁਨੀਆਂ ਮੰਗਦੇ ਹਾਂ।

ਇਹ ਉਪਜੀ ਨਹੀਂ ਸਰਮਾਏ ਚੋਂ, ਇਹ ਦੁਨੀਆਂ ਕਿਰਤ ਨੇ ਸਿਰਜੀ ਹੈ
ਕੋਈ ਰਹਿਮ ਨਹੀਂ ਕੋਈ ਭੀਖ ਨਹੀਂ, ਸਾਡਾ ਹੱਕ ਜੋ ਬਣਦਾ ਮੰਗਦੇ ਹਾਂ।

ਕਿਉਂ ਸਾਡੇ ਖੂਨ ਪਸੀਨੇ ਤੇ ਕਬਜ਼ਾ ਸਰਮਾਇਆਦਾਰੀ ਦਾ
ਮਜ਼ਦੂਰ ਦੀ ਮਿਹਨਤ ਦੇ ਉਪਰ ਮਜ਼ਦੂਰ ਦਾ ਕਬਜ਼ਾ ਮੰਗਦੇ ਹਾਂ।

ਪੂੰਜੀ ਦੀਆਂ ਨ੍ਹੇਰੀਆਂ ਰਾਤਾਂ ਨੇ ਮਿਹਨਤ ਦਾ ਸੂਰਜ ਚੁਰਾ ਲਿਆ
ਅਸੀਂ ਚੋਰੀ ਹੋਏ ਹਰ ਸੂਰਜ ਦੀ ਹਰ ਕਿਰਨ ਦਾ ਲੇਖਾ ਮੰਗਦੇ ਹਾਂ।

ਸਾਨੂੰ ਪਾੜਕੇ ਮਜ਼੍ਹਬਾਂ ਨਸਲਾਂ 'ਚ ਅੱਜ ਲੁੱਟਦੇ ਪਏ ਲੁਟੇਰੇ ਨੇ
ਹਰ ਲੁੱਟ ਵਿਰੁੱਧ ਮਜ਼ਦੂਰਾਂ ਦਾ ਅਸੀਂ ਭਾਈਚਾਰਾ ਮੰਗਦੇ ਹਾਂ।

ਹਰ ਜ਼ੋਰ ਜ਼ੁਲਮ ਦੀ ਟੱਕਰ 'ਚ ਸੰਘਰਸ਼ ਅਸਾਡਾ ਨਾਹਰਾ ਹੈ
ਹਰ ਜ਼ਾਲਮ ਸੰਗ ਟਕਰਾਵਾਂਗੇ ਹਰ ਜ਼ੁਲਮ ਦਾ ਬਦਲਾ ਮੰਗਦੇ ਹਾਂ।

ਜੋ ਸਾਡੇ ਸੰਗ ਟਕਰਾਵੇਗਾ ਉਹ ਧੂੜ ਧੂੜ ਹੋ ਜਾਵੇਗਾ
ਅਸੀਂ ਦੁਨੀਆਂ ਦੀ ਹਰ ਚੀਜ਼ ਘੜੀ ਤਕਦੀਰ ਨੂੰ ਘੜਨਾ ਮੰਗਦੇ ਹਾਂ

ਜੋ ਬੰਬਾਂ ਦੀ ਧੂੜ ਦੇ ਵਿਚ ਦੁਨੀਆਂ ਨੂੰ ਡੁਬੋਣਾ ਚਾਹੁੰਦੇ ਨੇ
ਔਹ ਸਾਮਰਾਜ ਦੀਆਂ ਧਾੜਾਂ ਤੋਂ ਧਰਤੀ ਨੂੰ ਬਚਾਉਣਾ ਮੰਗਦੇ ਹਾਂ।

ਕਦੀ ਹੱਕਾਂ ਦਿਆਂ ਲੁਟੇਰਿਆਂ ਤੋਂ ਹੱਕ ਮੰਗਿਆਂ ਮਿਲਦੇ ਕਿਸ ਦੇਖੇ
ਅਸੀਂ ਤਾਹੀਂਓਂ ਏਕੇ ਦੇ ਬਲ ਤੇ ਹੱਕਾਂ ਨੂੰ ਖੋਹਣਾ ਮੰਗਦੇ ਹਾਂ।

ਇਕ ਬਿਨ ਜ਼ੰਜ਼ੀਰ ਗੁਲਾਮੀ ਦੀ, ਹੁਣ ਹਾਰਨ ਲਈ ਹੈ ਬਚਿਆ ਕੀ
ਜਿੱਤਣੇ ਲਈ ਸਾਰਾ ਜੱਗ ਪਿਆ, ਅਸੀਂ ਬਾਗੀ ਹੋਣਾ ਮੰਗਦੇ ਹਾਂ।

ਅਸੀਂ ਮਿਹਨਤਕਸ਼ ਦੁਨੀਆਂ ਵਿਚੋਂ, ਹੁਣ ਆਪਣਾ ਹਿਸਾ ਮੰਗਦੇ ਹਾਂ।
ਇਕ ਖੇਤ ਨਹੀਂ ਇਕ ਦੇਸ਼ ਨਹੀਂ, ਅਸੀਂ ਸਾਰੀ ਦੁਨੀਆਂ ਮੰਗਦੇ ਹਾਂ।



# ਭਾਰਤ ਲੱਖ ਸਲਾਮ-1

ਉਹਨੂੰ ਲੱਖ ਸਲਾਮ ਉਹਨੂੰ ਲੱਖ ਸਲਾਮ,
ਉਹਨੂੰ ਲੱਖ ਸਲਾਮ ਕਿ ਭਾਰਤ ਦੇਸ਼ ਹੈ ਜਿਸਦਾ ਨਾਮ
ਲੱਖਾਂ ਲੋਕੀ ਜਿੱਥੇ ਹੋ ਗਏ ਹੱਕ ਸੱਚ ਤੋਂ ਕੁਰਬਾਨ,
ਉਹਨੂੰ ਲੱਖ ਸਲਾਮ ਕਿ ਭਾਰਤ ਦੇਸ਼ ਹੈ ਜਿਸਦਾ ਨਾਮ

ਸਲਾਮ ਸ਼ਹੀਦਾਂ ਨੂੰ ਜਿੰਦ ਜਿਹਨਾਂ ਦੇਸ਼ ਤੋਂ ਘੋਲ ਘੁਮਾਈ,
ਜਿਹਨਾਂ ਦੀ ਇਕ ਆਵਾਜ਼ ਨੂੰ ਸੁਣ ਕੇ ਉਠੀ ਜਾਗ ਲੋਕਾਈ।
ਜਾਗੀ ਜਨਤਾ ਜਿਹਨੂੰ ਲੁੱਟਿਆ ਸਦੀਆਂ ਤਕ ਗੋਰਾਂ ਨੇ,
ਕੁਚਲ ਦਿਤਾ ਸੀ ਜਿਹਨੂੰ ਬਿਦੇਸ਼ੀ ਤਾਕਤ ਦੇ ਪੈਰਾਂ ਨੇ।
ਫਾਂਸੀਆਂ ਜੇਲ੍ਹਾਂ ਦੇ ਬੰਨ੍ਹ ਜਨਤਾ ਦੇ ਹੜ੍ਹ ਅੱਗੇ ਰੁੜ੍ਹ ਗਏ,
ਕਰਕੇ ਕਾਰ-ਸ਼ੈਤਾਨੀ ਸੀ ਫਿਰ ਬਾਜ਼ ਫਰੰਗੀ ਉੜ ਗਏ।
ਮਜ਼ਬ ਦੇ ਆਰੇ ਦੇਸ਼ ਤੋਂ ਕੱਟਕੇ ਸੁੱਟਿਆ ਪਾਕਿਸਤਾਨ,
ਉਹਨੂੰ ਲੱਖ ਸਲਾਮ.........

ਦੇਸੀ ਅਤੇ ਬਿਦੇਸੀ ਤਾਕਤ ਦੇਸ਼ ਨੂੰ ਲੁੱਟ ਰਹੀ ਹੈ,
ਜੰਗ ਬਦੀ ਤੇ ਨੇਕੀ ਵਾਲੀ ਜਾਰੀ ਰੁਕੀ ਨਹੀਂ ਹੈ।
ਇਕ ਪਾਸੇ ਜਨਤਾ ਦਾ ਸੀਨਾ ਦੂਜੇ ਪਾਸੇ ਗੋਲੀ,
ਨਿੱਤ ਨੇਮ ਇਸ ਦੇਸ਼ ਦੇ ਹਾਕਮ ਖੇਲ੍ਹਣ ਖੂਨ ਦੀ ਹੋਲੀ।
ਕੌਣ ਜਾਣਦਾ ਜਾਬਰ ਦੇ ਸੰਗ ਕਦੋਂ ਤੱਕ ਜੰਗ ਹੋਊ,
ਪਰ ਆਖਰ ਜਿੱਤ ਉਹਦੀ ਹੋਣੀ, ਸੱਚ ਜਿਹਦੇ ਸੰਗ ਹੋਊ।
ਮਜ਼ਦੂਰੀ ਦੇ ਸੱਚ ਸਾਹਮਣੇ ਸਭ ਕੁੱਝ ਹੈ ਨਾਕਾਮ,
ਉਹਨੂੰ ਲੱਖ ਸਲਾਮ... .....

ਲੱਖ ਹਨੇਰੇ ਹੋਣ ਸਾਥੀਓ ਕੋਈ ਬਾਤ ਨਹੀਂ ਹੈ,
ਜਿਹਦੀ ਕੋਈ ਸਵੇਰ ਨਹੀਂ ਕੋਈ ਐਸੀ ਰਾਤ ਨਹੀਂ ਹੈ।

ਵਾਰ ਵਾਰ ਇਤਿਹਾਸ ਫੈਸਲਾ ਆਪਣਾ ਦੁਹਰਾਂਦਾ ਹੈ,
ਲੋਕ ਲਹਿਰ ਜੋ ਮਿਟਾਉਣਾ ਚਾਹੇ ਉਹ ਖੁਦ ਮਿਟ ਜਾਂਦਾ ਹੈ।
ਲੱਖ ਦੂਰ ਹੋਏ ਸਾਥੋਂ ਅੱਜ ਪਰ ਮੰਜਲ ਨੂੰ ਪਾਉਣਾ ਹੈ,
ਲਾਲ ਕਿਲੇ ਤੇ ਕਿਰਤ ਦਾ ਲਾਲ ਫਰੇਰਾ ਲਹਿਰਾਉਣਾ ਹੈ।
ਧਰਤ ਸ਼ਹੀਦਾਂ ਦੀ ਬਹੁਤਾ ਚਿਰ ਰਹਿਣੀ ਨਹੀਂ ਗੁਲਾਮ।
ਉਹਨੂੰ ਲੱਖ ਸਲਾਮ.........



## ਭਾਰਤ ਲੱਖ ਸਲਾਮ-2

ਭਾਰਤ ਲੱਖ ਸਲਾਮ ਭਾਰਤ ਲੱਖ ਸਲਾਮ
ਭਾਰਤ ਲੱਖ ਸਲਾਮ ਕਿ ਭਾਰਤ ਭਾਰਤ ਲੱਖ ਸਲਾਮ।
ਹੱਕ ਸੱਚ ਦਾ ਹੈ ਜਿਥੇ ਲੋਕਾਂ ਨੇ ਵਿਢਿਆ ਸੰਗਰਾਮ,
ਭਾਰਤ ਲੱਖ ਸਲਾਮ.........

ਸਲਾਮ ਸ਼ਹੀਦਾਂ ਨੂੰ ਜਿੰਦ ਜਿਹਨਾਂ ਲੋਕ ਲਹਿਰ ਵਿਚ ਵਾਰੀ,
ਇਕ ਆਵਾਜ਼ ਜਿਨ੍ਹਾਂ ਦੀ ਸੁਣਕੇ ਜਾਗੀ ਖਲਕਤ ਸਾਰੀ।
ਜਾਗ ਉਠੇ ਹੱਕ ਜਿਹਨਾਂ ਦੇ ਹਨ ਸਦੀਆਂ ਤੋਂ ਗਏ ਲੁੱਟੇ,
ਜਾਤ ਪਾਂਤ ਤੇ ਮਜ਼ਬ ਦੇ ਬੰਧਨ ਤੋੜ ਕੇ ਲੋਕੀ ਉਠੇ।
ਰੱਟਣਾਂ ਵਾਲੇ ਹੱਥਾਂ ਹੱਕਿਆ ਜੀਵਨ ਦਾ ਸੰਗਰਾਮ,
ਭਾਰਤ ਲੱਖ ਸਲਾਮ...... ..

ਇਕ ਪਾਸੇ ਹੈ ਗੋਲੀ ਦੂਜੇ ਪਾਸੇ ਦੇਸ਼ ਦਾ ਸੀਨਾ,
ਜ਼ਾਲਮ ਤੇ ਮਜ਼ਲੂਮ ਦੀ ਟੱਕਰ ਗਈਆਂ ਕੰਬ ਜ਼ਮੀਨਾਂ।
ਪਾਣੀ ਨਹੀਂ ਹੈ ਲਹੂ ਲੋਕਾਂ ਦੀ ਕਿੰਨਾ ਚਿਰ ਡੁੱਲ੍ਹ ਸਕਦਾ,
ਲੋਕ ਲਹਿਰ ਦੇ ਪਏ ਲਪੇਟੇ ਤਾਂ ਕੋਈ ਤਖਤ ਨਾ ਬਚਦਾ।
ਲੋਕਾਂ ਦੀ ਹਿੰਮਤ ਦੇ ਅੱਗੇ ਸਭ ਕੁੱਝ ਹੈ ਨਾਕਾਮ,
ਭਾਰਤ ਲੱਖ ਸਲਾਮ.........

ਲੱਖ ਹਨੇਰੇ ਕੀ ਘਬਰਾਉਣੇ ਵਾਲੀ ਬਾਤ ਨਹੀਂ ਹੈ,
ਜਿਹਦੀ ਹੋਏ ਸਵੇਰ ਨਾ ਐਸੀ ਤਾਂ ਕੋਈ ਰਾਤ ਨਹੀਂ ਹੈ।
ਦਿੱਲੀ ਦੂਰ ਹੋਏ ਜਾਂ ਨੇੜੇ ਇਕ ਦਿਨ ਤਾਂ ਆਉਣਾ ਹੈ,
ਲਾਲ ਕਿਲੇ ਤੇ ਕਿਰਤ ਦਾ ਝੰਡਾ ਲੋਕਾਂ ਲਹਿਰਾਉਣਾ ਹੈ,
ਧਰਤੀ ਦੇ ਲੋਕਾਂ ਦੀ ਧਰਤੀ ਰਹਿਣੀ ਨਹੀਂ ਗੁਲਾਮ।
ਭਾਰਤ ਲੱਖ ਸਲਾਮ.........

## ਜਾਗੋ

ਜਾਗੋ ਹੋ ਜਾਗੋ ਹੋ ਜਾਗੋ ਜ਼ਮੀਂ ਰਹੀ ਪੁਕਾਰ
ਲੋਕਾ ਵੇ ਰਾਤ ਵਾਲੀ ਹੋਈ ਹੋਈ ਹੋਈ ਪਹੁ ਫੁਟਾਲ।

ਅੰਗੜਾਈਆਂ ਲੈਂਦੀ ਇਹ ਧਰਤੀ ਉਠੀ ਹੈ
ਸਦੀਆਂ ਦੀ ਠੁਕਰਾਈ ਸ਼ਕਤੀ ਉੱਠੀ ਹੈ
ਟੁੱਟੇ ਕਿ ਟੁੱਟੇ ਗੁਲਾਮੀ ਦੇ ਬੰਧਨ ਹਜ਼ਾਰ।

ਆਉਣਾ ਜ਼ਮਾਨਾ ਹੋ ਆਪਣਾ ਜ਼ਮਾਨਾ
ਕਿਸਮਤ ਦਾ ਰੋਣਾ ਹੈ ਗਾਣਾ ਪੁਰਾਣਾ
ਬਦਲਾਂਗੇ ਖੁਦ ਆਪਣੇ ਜੀਵਨ ਦੇ ਦਰਿਆ ਦੀ ਧਾਰ।

ਜ਼ਿੰਦਗੀ ਦੇ ਸੁਪਨੇ ਉਜਾਗਰ ਨੇ ਹੋਣੇ
ਕਿਰਤਾਂ ਦੇ ਤਿਪ ਤਿਪ ਸਾਗਰ ਨੇ ਹੋਣੇ
ਕਿਰਤਾਂ ਦੇ ਰਿਸ਼ਤੇ 'ਚ ਬੱਝਾ ਜੱਗ ਸਾਰਾ ਪਰਵਾਰ।

ਰਾਜਾਂ ਤੇ ਤਾਜਾਂ ਦੇ ਲੱਦ ਗਏ ਜ਼ਮਾਨੇ
ਕਿਰਤੀ ਕਿਸਾਨਾਂ ਦੇ ਛਿੜ ਪਏ ਤਰਾਨੇ
ਡੋਲੇ ਹੋ ਡੋਲੇ ਹੋ ਲੋਟੂਆਂ ਦੇ ਰਾਜ ਜੁਗਾੜ।

ਰਾਤ ਸੰਗ ਰੁੜ੍ਹ ਗਿਆ ਰਾਤ ਦਾ ਨ੍ਹੇਰਾ
ਕੋਸਾ ਕੋਸਾ ਚਾਨਣ ਲੈ ਅਇਆ ਸਵੇਰਾ
ਨਵੀਆਂ ਨੀਹਾਂ ਤੇ ਹੋਣਾ ਲੋਕਤਾ ਦੇ ਯੁੱਗ ਦਾ ਉਸਾਰ।

ਜਾਗੋ ਹੋ ਜਾਗੋ ਹੋ ਜਾਗੋ ਜ਼ਮੀਂ ਦੀ ਪੁਕਾਰ
ਲੋਕਾ ਵੇ ਰਾਤ ਵਾਲੀ ਹੋਈ ਹੋਈ ਹੋਈ ਪਹੁ ਫੁਟਾਲ।



## ਜ਼ਮਾਨਾ ਬਦਲ ਰਿਹਾ

ਜਾਣੇ ਜੱਗ ਜਹਾਨ ਜ਼ਮਾਨਾ ਬਦਲ ਰਿਹਾ,
ਜਾਗ ਰਿਹਾ ਇਨਸਾਨ ਜ਼ਮਾਨਾ ਬਦਲ ਰਿਹਾ।

ਨ੍ਹੇਰੀਆਂ ਕੁੱਲੀਆਂ ਵਿਚੋਂ ਨੇ ਅੱਜ ਫੁੱਟੇ ਪਹੁ ਫੁਟਾਲੇ।
ਥਰ ਥਰ ਥਰ ਥਰ ਕੰਬ ਰਹੇ ਨੇ ਉਚੇ ਮਹਿਲਾਂ ਵਾਲੇ।
ਇਹ ਦੋ ਦਿਨ ਦੇ ਮਹਿਮਾਨ ਜ਼ਮਾਨਾ ਬਦਲ ਰਿਹਾ।

ਪੂਰਬ ਪੱਛਮ ਉਤਰ ਦੱਖਣ ਬਣ ਗਏ ਹਨ ਲਲਕਾਰਾ।
ਲੋਕ ਲਹਿਰ ਇਕ ਉੱਠ ਰਹੀ ਹੈ ਜਿਉਂ ਕੋਈ ਵਗਦੀ ਧਾਰਾ
ਹੁਣ ਲੋਕ ਨਹੀਂ ਬੇਜਾਨ ਜ਼ਮਾਨਾ ਬਦਲ ਰਿਹਾ।

ਤੋੜ ਦੇਣੇ ਉਹ ਹੱਥ ਜੋ ਹੱਥ ਨੇ ਐਟਮ ਬੰਬਾਂ ਵਾਲੇ।
ਜੰਗ ਤੀਸਰੀ ਹੋਣ ਨਾ ਦੇਣੀ ਜ਼ਿੰਦਗੀ ਦੇ ਰਖਵਾਲੇ।
ਲੋਕ ਲਹਿਰ ਬਲਵਾਨ ਜ਼ਮਾਨਾ ਬਦਲ ਰਿਹਾ।

ਹੁਣ ਨਾ ਕੋਈ ਵਾਰ ਸਹੇਗਾ ਹਥਿਆਰਾਂ ਨੂੰ ਆਖੋ।
ਇਹ ਨਿਜ਼ਾਮ ਕਬੂਲ ਨਹੀਂ ਹੈ ਸਰਕਾਰਾਂ ਨੂੰ ਆਖੋ।
ਹੁਣ ਇਨਕਲਾਬ ਰੁਝਾਨ ਜ਼ਮਾਨਾ ਬਦਲ ਰਿਹਾ।

ਜਾਣੇ ਜੱਗ ਜਹਾਨ ਜ਼ਮਾਨਾ ਬਦਲ ਰਿਹਾ।
ਜਾਗ ਰਿਹਾ ਇਨਸਾਨ ਜਮਾਨਾ ਬਦਲ ਰਿਹਾ।

# ਮਿਲ ਕੇ ਚਲੋ

ਇਹ ਵਕਤ ਦੀ ਆਵਾਜ਼ ਹੈ ਮਿਲ ਕੇ ਚਲੋ
ਜ਼ਿੰਦਗੀ ਦਾ ਰਾਜ ਹੈ ਮਿਲ ਕੇ ਚਲੋ
ਮਿਲਕੇ ਚਲੋ ਮਿਲਕੇ ਚਲੋ ਮਿਲਕੇ ਚਲੋ ।

ਜਿੱਦਾਂ ਸੁਰ ਤੇ ਧੁੰਨ ਮਿਲਕੇ ਗੀਤ ਹੈ
ਜਿੱਦਾਂ ਦੋ ਦਿਲਾਂ ਦੀ ਧੜਕਣ ਪ੍ਰੀਤ ਹੈ
ਜਿੱਦਾਂ ਬੂੰਦ ਬੂੰਦ ਮਿਲਕੇ ਪਾਣੀਉਂ
ਵਹਿ ਰਹੇ ਦਰਿਆ ਦੀ ਧਾਰ ਬਣਦੀ ਆ ।
ਮਿਲ ਕੇ ਚਲੋ ਮਿਲ ਕੇ ਚਲੋ ਮਿਲ ਕੇ ਚਲੋ ।

ਦਿਲਾਂ ਵਿਚੋਂ ਰੰਜਸ਼ਾਂ ਮਿਟਾ ਕੇ ਆਉ
ਜਾਤੀ ਭੇਦ ਭਾਵ ਨੂੰ ਹਟਾ ਕੇ ਆਉ
ਸਾਂਝੀਆਂ ਹੋ ਜਾਣ ਦਿਲਾਂ ਦੀਆਂ ਧੜਕਣਾਂ
ਕਦਮ ਕਦਮ ਤੇ ਮਿਲਣ ਫਿਰ ਕਾਮਯਾਬੀਆਂ ।
ਮਿਲ ਕੇ ਚਲੋ ਮਿਲ ਕੇ ਚਲੋ ਮਿਲ ਕੇ ਚਲੋ ।

ਏਹ ਜਾਤ ਜਾਤ ਜਾਤ ਦਾ ਹੈ ਜ਼ੋਰ ਕਿਉਂ
ਇਹ ਧਰਮ ਧਰਮ ਧਰਮ ਦਾ ਹੈ ਸ਼ੋਰ ਕਿਉਂ
ਕਿਰਤੀਆਂ ਦਾ ਧਰਮ ਤਾਂ ਬੱਸ ਕਿਰਤ ਹੈ
ਕਿਰਤੀ ਸਾਰੇ ਬੰਨ ਕੇ ਆਉ ਜੱਟੀਆਂ ।
ਮਿਲ ਕੇ ਚਲੋ ਮਿਲ ਕੇ ਚਲੋ ਮਿਲ ਕੇ ਚਲੋ ।

ਘਰ ਘਰ ਘਰ ਮਿਲ ਕੇ ਦੇਸ਼ ਹੈ
ਏਕਤਾ ਤਾਂ ਜ਼ੱਤ ਦਾ ਸੰਦੇਸ਼ ਹੈ
ਜਿੱਦਾਂ ਕਣ ਕਣ ਮਿਲ ਕੇ ਪਹਾੜ ਹੋ
ਮੋੜ ਦਏ ਜੋ ਮੂੰਹ ਹਰ ਤੂਫਾਨ ਦਾ ।
ਮਿਲ ਕੇ ਚਲੋ ਮਿਲ ਕੇ ਚਲੋ ਮਿਲ ਕੇ ਚਲੋ



ਮਿਲ ਕੇ ਚੱਲਣੇ 'ਚ ਬੜਾ ਜ਼ੋਰ ਹੈ
ਮਿਲ ਕੇ ਚੱਲਣੇ ਦੀ ਅੱਜ ਲੋੜ ਹੈ
ਲੋਕ ਲੋਕ ਲੋਕ ਮਿਲਕੇ ਲਹਿਰ ਹੈ
ਲੁੱਟ ਦੇ ਤਾਜ ਰੋਲ ਦਏ ਵਿਚ ਗਲੀਆਂ
ਮਲ ਕੇ ਚਲੋ ਮਿਲ ਕੇ ਚਲੋ ਮਿਲ ਕੇ ਚਲੋ

ਇਹ ਵਕਤ ਦੀ ਆਵਾਜ਼ ਹੈ ਮਿਲਕੇ ਚਲੋ
ਇਹ ਜਿੰਦਗੀ ਦਾ ਰਾਜ਼ ਹੈ ਮਿਲਕੇ ਚਲੋ
ਮਿਲਕੇ ਚਲੋ ਮਿਲਕੇ ਚਲੋ ਮਿਲਕੇ ਚਲੋ ।

# ਸੰਗੀ ਸਾਥੀ

ਸੰਗ ਸਾਥ ਹਾਂ ਸੰਗ ਸਾਥ ਹਾਂ ਸੰਗ ਸਾਥ ਹਾਂ
ਅਸੀਂ ਮਿਹਨਤ ਕਰਨੇ ਵਾਲੇ ਸਭ ਸਾਥ ਹਾਂ ਸਾਥ ਹਾਂ
ਹੱਕਾਂ ਲਈ ਲੜਨੇ ਵਾਲੇ ਸਭ ਸਾਥ ਹਾਂ ਸਾਥ ਹਾਂ ।

ਅਸੀਂ ਫਿਲਪੀਨ ਵਿਚ ਅਸੀਂ ਹਾਂ ਹਿੰਦੁਸਤਾਨ 'ਚੇ
ਅਸੀਂ ਅਮਰੀਕਾ ਅਫਰੀਕਾ ਅਸੀਂ ਜਪਾਨ 'ਚੇ
ਅਸੀਂ ਹੱਕ ਸੱਚ ਲਈ ਛਿੜ ਪਈ ਹਰ ਲੜਾਈ 'ਚੇ
ਅਸੀਂ ਦੁਨੀਆਂ ਦੇ ਹਰ ਨੇਕ ਦਿਲ ਇਨਸਾਨ 'ਚੇ
ਅਸੀਂ ਕੀ ਗੋਰੇ ਕੀ ਕਾਲੇ ਸਭ ਸਾਥ ਹਾਂ ਸਾਥ ਹਾਂ
ਹੱਕਾਂ ਲਈ ਲੜਨੇ ਵਾਲੇ ਸਭ ਸਾਥ ਹਾਂ ਸਾਥ ਹਾਂ ।

ਅਸੀਂ ਤਾਜ ਮਹਿਲ ਜਿਹੇ ਤਾਜ ਦੇ ਰਚਣਹਾਰ ਹਾਂ
ਅਸੀਂ ਕੰਧ ਚੀਨ ਦੀ ਪੀਸਾ ਦੇ ਮੀਨਾਰ ਹਾਂ
ਅਸੀਂ ਘੂੰ ਘੂੰ ਵਗਦੀਆਂ ਸੜਕਾਂ ਦੇ ਸੁਆਸ ਹਾਂ
ਅਸੀਂ ਅੰਬਰੀਂ ਚੜ੍ਹੇ ਜਹਾਜ਼ਾਂ ਦੀ ਤਫਤਾਰ ਹਾਂ ।
ਅਸੀਂ ਢਹਿ ਗਏ ਅੰਬਰਾਂ ਵਾਲੇ ਸਭ ਸਾਥ ਹਾਂ
ਹੱਕਾਂ ਲਈ ਲੜਨੇ ਵਾਲੇ ਸਭ ਸਾਥ ਹਾਂ ਸਭ ਸਾਥ ਹਾਂ ।

ਅਸੀਂ ਬਚਿਆਂ ਦੀ ਮੁਸਕਾਨ ਵੇਚਦੇ ਨਹੀਂ
ਅਸੀਂ ਮਾਵਾਂ ਦੇ ਅਰਮਾਨ ਵੇਚਦੇ ਨਹੀਂ
ਸਭ ਲੁੱਟ ਜਾਂਦਾ ਹੈ ਦੌਲਤ ਦੇ ਬਾਜ਼ਾਰ 'ਚੇ
ਅਸੀਂ ਆਪਣਾ ਜੀਅ ਤੇ ਜਾਨ ਵੇਚਦੇ ਨਹੀਂ ।
ਇਸ ਲੁੱਟ ਵਿਰੁੱਧ ਜੋ ਸਾਰੇ ਸਭ ਸਾਥ ਹਾਂ ਸਾਥ ਹਾਂ
ਹੱਕਾਂ ਲਈ ਲੜਨੇ ਵਾਲੇ ਸਭ ਸਾਥ ਹਾਂ ਸਾਥ ਹਾਂ ।



ਔਹ ਕੁੱਲੀਆਂ ਢਾਰੇ ਅੰਗੜਾਈਆਂ ਲੈ ਉੱਠ ਰਹੇ
ਔਹ ਦੱਬੇ ਕੁਚਲੇ ਵਾਰ ਵਾਰ ਢਹਿ ਉਠ ਰਹੇ
ਛਿੜ ਪਏ ਤਰਾਨੇ ਬਦਲਦੇ ਹੋਏ ਵਕਤ ਦੇ
ਉਹ ਇਨਕਲਾਬ ਇਨਕਲਾਬ ਕਹਿ ਉਠ ਰਹੇ ।
ਅਸੀਂ ਇਨਕਲਾਬੀ ਸਾਰੇ ਸਭ ਸਾਥ ਹਾਂ ਸਾਥ ਹਾਂ
ਹੱਕਾਂ ਲਈ ਲੜਨੇ ਵਾਲੇ ਸਭ ਸਾਥ ਹਾਂ ਸਾਥ ਹਾਂ ।

ਹੱਕਾਂ ਲਈ ਲੜਨੇ ਵਾਲੇ ਸਭ ਸਾਥ ਹਾਂ ਸਾਥ ਹਾਂ
ਅਸੀਂ ਮਿਹਨਤ ਕਰਨੇ ਵਾਲੇ ਸਭ ਸਾਥ ਹਾਂ ਸਾਥ ਹਾਂ
ਸਭ ਸਾਥ ਹਾਂ ਸਭ ਸਾਥ ਹਾਂ ਸਭ ਸਾਥ ਹਾਂ ।

## ਸ਼ੈਤਾਨ

ਹੁਣ ਭੱਜਿਆਂ ਜਾਣ ਨਾ ਦੇਵਾਂਗੇ, ਹੁਣ ਭੱਜ ਕੇ ਕਿਥੇ ਜਾਏਗਾ
ਸ਼ੈਤਾਨ !

ਇਹ ਜਾਗ ਉਠੀ ਹੁਣ ਜਨਤਾ ਦਾ ਇਹ ਇਕ ਮੁੱਠੀ ਹੁਣ ਜਨਤਾ ਦਾ
ਐਲਾਨ !

ਪੂੰਜੀ ਦੀ ਅੰਨ੍ਹੀ ਰੋੜ੍ਹ ਵਿਚ ਦੁਨੀਆਂ ਨੂੰ ਰੋੜ੍ਹਨ ਵਾਲਿਉ
ਆਪੇ ਘੜੇ ਕਾਨੂੰਨ ਆਪਣੇ ਹੱਥੀਂ ਤੋੜਨ ਵਾਲਿਉ
ਸਾਨੂੰ ਕੀ ਡਰ ਖੂਨ ਤੁਹਾਡਾ ਥੋਨੂੰ ਹੀ ਖਾ ਜਾਏਗਾ
ਸ਼ੈਤਾਨ !

ਜੋ ਆਪਣਾ ਘਰ ਬਣਾਉਣ ਦੀ ਖਾਤਰ ਢਾਵੇ ਢਾਵੇ ਮੁਲਖਾਂ ਨੂੰ
ਤੇ ਮਜ਼੍ਹਬ ਨਸਲ ਦੀ ਤੀਲੀ ਸੁੱਟਕੇ ਅੱਗ ਲਗਾਵੇ ਮੁਲਖਾਂ ਨੂੰ
ਉਹ ਅੱਗ ਲਗਾਉਣੇ ਵਾਲਾ ਖੁਦ ਇਸ ਅੱਗ ਦੇ ਵਿਚ ਜਲ ਜਾਏਗਾ।
ਸ਼ੈਤਾਨ !

ਇਥੇ ਦੀਨ ਈਮਾਨ ਵੀ ਦੁਨੀਆਂ ਦਾ ਹੈ ਆ ਕੇ ਟਿਕਦਾ ਮੰਡੀਆਂ 'ਚੇ
ਇੱਥੇ ਔਰਤ ਕੋਠੇ ਤੇ ਵਿਕਦੀ ਤੇ ਮਰਦ ਹੈ ਵਿਕਦਾ ਮੰਡੀਆਂ 'ਚੇ
ਨਰ ਨਾਰੀ ਦਾ ਵਿਉਪਾਰੀ ਮੌਤ ਦੇ ਹੱਥੋਂ ਖੁਦ ਵਿਕ ਜਾਏਗਾ
ਸ਼ੈਤਾਨ !

ਇਹ ਐਟਮ ਬੰਬ ਦੇ ਜ਼ੋਰ ਦੁਨੀਆਂ ਤੇ ਧੌਂਸ ਜਮਾਉਣੇ ਵਾਲੜਿਓ
ਗੱਲ ਗੱਲ ਦੇ ਉਤੇ ਲੋਕਾਂ ਤੇ ਗੋਲੀ ਵਰਸਾਉਣੇ ਵਾਲੜਿਓ
ਜੋ ਚਾਲ ਚੱਲੇਗਾ ਹਿਟਲਰ ਦੀ, ਹਿਟਲਰ ਦੀ ਤਰਾਂ ਮਿਟ ਜਾਏਗਾ
ਸ਼ੈਤਾਨ !



## ਮਿਹਨਤਕਸ਼-2

ਅਸੀਂ ਮਿਹਨਤਕਸ਼ ਇਸ ਦੁਨੀਆਂ 'ਚੋਂ ਜਦ ਆਪਣਾ ਹਿਸਾ ਮੰਗਾਂਗੇ
ਇਕ ਖੇਤ ਨਹੀਂ ਇਕ ਬਾਗ ਨਹੀਂ ਅਸੀਂ ਸਾਰੀ ਦੁਨੀਆਂ ਮੰਗਾਂਗੇ।

ਇਹ ਸਾਗਰ ਸਾਗਰ ਮੋਤੀ ਨੇ ਜਾਂ ਪਰਬਤ ਪਰਬਤ ਹੀਰੇ ਨੇ
ਇਹ ਸਾਰਾ ਮਾਲ ਅਸਾਡਾ ਹੈ ਅਸੀਂ ਸਾਰਾ ਖਜ਼ਾਨਾ ਮੰਗਾਂਗੇ।

ਕਿਉਂ ਸਾਡੇ ਖੂਨ ਪਸੀਨੇ ਤੇ ਹੱਕ ਹੈ ਸਰਮਾਏਦਾਰੀ ਦਾ
ਮਜ਼ਦੂਰ ਦੀ ਮਿਹਨਤ ਦੇ ਉਪਰ ਮਜ਼ਦੂਰ ਦਾ ਕਬਜ਼ਾ ਮੰਗਾਂਗੇ।

ਜੋ ਖੂਨ ਡੁੱਲ੍ਹਿਆ ਜੋ ਬਾਗ ਉਜੜੇ ਜੋ ਗੀਤ ਦਿਲਾਂ ਵਿਚ ਕਤਲ ਹੋਏ
ਹਰ ਕਤਰੇ ਦਾ ਹਰ ਡੋਡੀ ਦਾ ਹਰ ਗੀਤ ਦਾ ਬਦਲਾ ਮੰਗਾਂਗੇ।

ਉਹ ਪੂੰਜੀਪਤੀਏ ਇਕ ਲੱਖ ਤਾਂ ਅਸੀਂ ਲੱਖ ਕਰੋੜ ਉਹ ਸੋਚ ਰਹੇ :
ਹੁਣ ਸਾਮਰਾਜ ਤੋਂ ਕਿੰਨੇ ਦਿਨ ਜੀਣੇ ਦਾ ਸਹਾਰਾ ਮੰਗਾਂਗੇ।

ਜਦ ਸਫ ਸਿੱਧੀ ਹੋ ਜਾਵੇਗੀ ਜਦ ਸਭ ਝਗੜੇ ਮਿਟ ਜਾਵਣਗੇ
ਅਸੀਂ ਹਰ ਇਕ ਦੇਸ਼ ਦੇ ਝੰਡੇ ਤੇ ਇਕ ਲਾਲ ਸਿਤਾਰਾ ਮੰਗਾਂਗੇ।

# ਤਿੰਨ

## ਆਰ ਪਾਰ

## ਪਗੜੀ ਸੰਭਾਲ ਜੱਟਾ-1

ਪੱਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ
ਲੁੱਟ ਗਿਆ ਮਾਲ ਤੇਰਾ ਲੁੱਟ ਗਿਆ ਮਾਲ ਉਏ ।

ਤਾਰਿਆਂ ਦੀ ਲੋਏ ਜਾਗੇਂ ਧੁੱਪਾਂ ਵਿਚ ਸੜੇਂ ਤੂੰ
ਮਿੱਟੀ ਵਿਚ ਮਿੱਟੀ ਹੋ ਕੇ ਮਿੱਟੀਉਂ ਸੋਨਾ ਕਰੇਂ ਤੂੰ
ਕਿੱਥੇ ਨੇ ਕਮਾਈਆਂ ਕਿਉਂ ਗਲਾਂ 'ਚੇ ਲੰਗਾਰ ਉਏ ।

ਪੁੱਤਾਂ ਵਾਂਗੂੰ ਪਾਲੀਆਂ ਜੋ ਫਸਲਾਂ ਦੇ ਬੋਹਲ ਉਏ
ਭੰਗ ਭਾੜੇ ਗਏ ਹੋਈ ਗੱਲ ਗੋਲ ਮੋਲ ਉਏ
ਲੁੱਟਦੇ ਵਪਾਰੀ ਤੈਨੂੰ ਲੁੱਟੇ ਸਰਕਾਰ ਉਏ ।

ਬੰਨ੍ਹ ਲੈ ਤੂੰ ਏਕਾ ਹੁਣ ਕਰ ਤਦਬੀਰ ਕੋਈ
ਹਿੰਮਤਾਂ ਦੇ ਬਾਝੋਂ ਨਾਹੀਂ ਬਣੇ ਤਕਦੀਰ ਕੋਈ
ਗਲ ਗਈਆਂ ਉਮਰਾਂ ਤੂੰ ਉਮਰਾਂ ਨਾ ਗਾਲ ਉਏ ।

ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ
ਲੁਟ ਗਿਆ ਮਾਲ ਤੇਰਾ ਲੁਟ ਗਿਆ ਮਾਲ ਉਏ ।

# ਸਰਫ਼ਰੋਸ਼ੀ ਦੀ ਤਮੰਨਾ

ਸਰਫਰੋਸ਼ੀ ਦੀ ਤਮੰਨਾ ਹੁਣ ਅਸਾਡੇ ਦਿਲ 'ਚੇ ਹੈ।
ਦੇਖਣਾ ਹੈ ਜ਼ੋਰ ਕਿਤਨਾ ਤਲਵਾਰੇ ਕਾਤਿਲ 'ਚੇ ਹੈ।

ਨ੍ਹੇਰੀ ਹੈ ਅੱਤ ਨ੍ਹੇਰੀ ਰਾਤ ਜ਼ੁਲਮ ਦੀ ਜੋ ਰਾਤ ਹੈ
ਕੁਰਬਾਨੀ ਹੀ ਭਰ ਸਕਦੀ ਹੁਣ ਚਾਨਣ ਹਰ ਦਿਲ 'ਚੇ ਹੈ।

ਦੇਖੋ ਮਕਤਲ ਵਿਚ ਔਹ ਕਾਤਲ ਕਹਿ ਰਿਹਾ ਹੈ ਵਾਰ ਵਾਰ
ਕਿ ਸ਼ਹਾਦਤ ਦੀ ਤਮੰਨਾਂ ਦੱਸੋ ਕਿਹੜੇ ਦਿਲ 'ਚੇ ਹੈ।

ਐ ਸ਼ਹੀਦਾ ਤੇਰੇ ਤੋਂ ਹੁਣ ਦੱਸ ਭਲਾ ਕੀ ਨਹੀਂ ਨਿਸਾਰ
ਤੱਕ ਤੇਰੀ ਹਿੰਮਤ ਦਾ ਚਰਚਾ ਦੁਸ਼ਮਣ ਦੀ ਮਹਿਫਲ 'ਚੇ ਹੈ।

ਸੁਣ ਐ ਰਾਹਾਂ ਦੀ ਮੁਹੱਬਤ ਰਹਿ ਨਾ ਜਾਣਾ ਰਾਹ 'ਚੇ
ਰਾਹ ਦੇ ਰਾਹੀ ਦੀ ਮੁਹੱਬਤ ਹੁੰਦੀ ਤਾਂ ਮੰਜ਼ਿਲ 'ਚੇ ਹੈ।

ਵਕਤ ਰੁਕੇਗਾ ਤਾਂ ਤੈਨੂੰ ਦੱਸ ਦਿਆਂਗੇ ਆਸਮਾਨ
ਹੁਣ ਤੋਂ ਹੀ ਦੱਸ ਦੱਸੀਏ ਕੀ ਕਿ ਕੀ ਅਸਾਡੇ ਦਿਲ 'ਚੇ ਹੈ।

ਹੁਣ ਨਾ ਪਹਿਲਾਂ ਵਾਲੇ ਜਜ਼ਬੇ ਨਾ ਹੀ ਅਰਮਾਨਾਂ ਦੀ ਭੀੜ
ਸਿਰਫ ਮਿਟ ਜਾਣੇ ਦੀ ਹਸਰਤ ਮਿਟ ਜਾਣੇ ਦੇ ਦਿਲ 'ਚੇ ਹੈ।

ਸਰਫਰੋਸ਼ੀ ਦੀ ਤਮੰਨਾ ਹੁਣ ਅਸਾਡੇ ਦਿਲ 'ਚੇ ਹੈ।
ਦੇਖਣਾ ਹੈ ਜ਼ੋਰ ਕਿਤਨਾ ਤਲਵਾਰੇ ਕਾਤਿਲ 'ਚੇ ਹੈ।



# ਸ਼ਹੀਦੋਂ ਕੀ ਚਿਤਾਉਂ ਪੇ

ਮੜੀ ਸ਼ਹੀਦਾਂ ਦੀ ਤੇ ਮੇਲਾ ਲੱਗੇ ਨਾ ਲੱਗੇ
ਰਾਹ ਸ਼ਹੀਦਾਂ ਦਾ ਪਰ ਸੁੰਨਾ ਹੋਣ ਨਾ ਦੇਣਾ।
ਮੜ੍ਹੀ ਹੈ ਇਕ ਯਾਦ ਉਹਨਾਂ ਦੀ ਰਾਹ ਉਹਨਾਂ ਦੀ ਜ਼ਿੰਦਗੀ
ਨੀਂਦੇ ਮੌਤ ਮੰਜਲਾਂ ਨੂੰ ਸੌਣ ਨਾ ਦੇਣਾ।

ਮੇਲਾ ਤਾਂ ਉਹਦਾ ਨਾਮ ਹੈ, ਉਹਨੂੰ ਕੌਮ ਦਾ ਸਲਾਮ ਹੈ।
ਪਰ ਏਸ ਤੋਂ ਵੀ ਵਧ ਕੇ ਸ਼ਹੀਦ ਦਾ ਪੈਗਾਮ ਹੈ।
ਪੈਗਾਮ ਨੂੰ ਉਠਾ ਲਵੋ, ਉਹਦੇ ਕਾਜ ਨੂੰ ਅਪਣਾ ਲਵੋ
ਪੂਜਾ ਦੇ ਵਿਚ ਪੈਗਾਮ ਨੂੰ ਗੁੰਮ ਹੋਣ ਨਾ ਦੇਣਾ।

ਮੇਲਾ ਲਗਾਉ ਮੜ੍ਹੀ ਤੇ ਕੋਈ ਫੁੱਲ ਚੜ੍ਹਾਉ ਮੜ੍ਹੀ ਤੇ।
ਸੁੱਤੀ ਹੋਈ ਕੌਮ ਉੱਠ ਖੜੇ ਚਰਾਗ ਜਗਾਉ ਮੜ੍ਹੀ ਤੇ।
ਐਸਾ ਹੀ ਜਗੇ ਚਰਾਗ ਕੋਈ ਹੋ ਸੂਰਜਾਂ ਦੇ ਹਾਣ ਦਾ
ਨ੍ਹੇਰਿਆਂ ਦੇ ਵਸ ਚਿਤਾ ਨੂੰ ਹੋਣ ਨਾ ਦੇਣਾ।

ਵਤਨਾਂ ਦਾ ਮਾਣ ਸ਼ਹੀਦ ਨੇ ਕੌਮਾਂ ਦੀ ਜਾਨ ਸ਼ਹੀਦ ਨੇ
ਪਰ ਲੋਕਤਾ ਲਈ ਲੜੇ ਉਹ ਤਾਹੀਂਉਂ ਪਰਵਾਨ ਸ਼ਹੀਦ ਨੇ
ਇਹ ਜੋਤ ਜੋ ਹੱਕ ਸੱਚ ਦੀ ਰਾਹ ਮੁਕਤੀ ਦਾ ਦੱਸਦੀ
ਇਹਨੂੰ ਕੌਮਾਂ ਮਜ਼ਬਾਂ ਵਿਚ ਫਾਕੜਾਂ ਹੋਣ ਨਾ ਦੇਣਾ।

ਕੁਝ ਸੱਤਾ ਕੱਢਕੇ ਲੈ ਜਵੇ ਕੁੱਝ ਸਮੇਂ ਦੀ ਧੁੰਦਲ ਪੈ ਜਵੇ।
ਕਈ ਵਾਰ ਹਕੀਕਤ ਦਬ ਜਾਏ, ਬੱਸ ਪੂਜਾ ਪੂਜਾ ਰਹਿ ਜਵੇ।
ਉਹ ਲੜੇ ਜਾ ਨਾਲ ਸ਼ੈਤਾਨ ਸੀ ਉਹ ਬੰਦੇ ਖੁਦ ਭਗਵਾਨ ਸੀ
ਹੁਣ ਪੱਥਰਾਂ ਅੱਗੇ ਭਗਵਾਨਾਂ ਨੂੰ ਰੋਣ ਨਾ ਦੇਣਾ।

ਮੜ੍ਹੀ ਸ਼ਹੀਦਾਂ ਦੀ ਤੇ ਮਲਾ ਲੱਗੇ ਨਾ ਲੱਗੇ
ਰਾਹ ਸ਼ਹੀਦਾਂ ਦਾ ਪਰ ਸੁੰਨਾ ਹੋਣ ਨਾ ਦੇਣਾ ।
ਮੜ੍ਹੀ ਹੈ ਇਕ ਯਾਦ ਉਹਨਾਂ ਦੀ ਰਾਹ ਉਹਨਾਂ ਦੀ ਜ਼ਿੰਦਗੀ
ਨੀਂਦੇ ਮੌਤ ਮੰਜ਼ਲਾਂ ਨੂੰ ਸੌਣ ਨਾ ਦੇਣਾ ।



# ਸ਼ਹੀਦਾਂ ਦੇ ਨਾਂਅ

ਉਹ ਸੂਰਤਾਂ ਵੇ ਲੋਕਾ ਕਿਸ ਮੁਲਖ ਨੇ ਵਸਦੀਆਂ
ਜਿਹਨਾਂ ਨੂੰ ਵੇਖਣ ਲਈ ਅੱਖੀਆਂ ਨੇ ਤਰਸਦੀਆਂ ।

ਧੁੱਪਾਂ ਤੋਂ ਪਤਲਾ ਇਕ ਮੌਤ ਦਾ ਪਰਦਾ ਹੈ
ਜਿਹਨੂੰ ਬਲੀ ਪੈਗੰਬਰ ਵੀ ਲੰਘਣੇ ਤੋਂ ਡਰਦਾ ਹੈ
ਐਪਰ ਉਹ ਲੰਘ ਗਈਆਂ ਹਰ ਡਰ ਤੇ ਹੱਸਦੀਆਂ ।

ਕਿਹਨੂੰ ਖੁਦ ਦਾ ਫਿਕਰ ਨਹੀਂ ਕਿਹਨੂੰ ਚਾਅ ਨਹੀਂ ਜੀਣੇ ਦਾ
ਪਰ ਉਹਨਾਂ ਰਾਹ ਫੜਿਆ ਦੁਖ ਸਭ ਦੇ ਪੀਣੇ ਦਾ
ਰਾਹੀ ਅਲਬੇਲੇ ਸੀ ਉਹ ਮੰਜ਼ਲਾਂ ਦਸਦੀਆਂ

ਉਹਨਾਂ ਦੀ ਗੱਲ ਕਰਦਾ ਜਦ ਉੱਠਦਾ ਬਹਿੰਦਾ ਕੋਈ
ਰਫਤਾਰੇ ਜ਼ਿੰਦਗੀ ਚੋਂ ਝਾਉਲਾ ਜਿਹਾ ਪੈਂਦਾ ਕੋਈ
ਦਿਸਣ ਨਾ ਦਿਸਦੀਆਂ ਦੱਸਣ ਨਾ ਦੱਸਦੀਆਂ ।

ਉਹ ਧਰਮਾਂ ਨਸਲਾਂ ਦੇ ਨਾ ਬੰਧਨਾਂ ਥੱਲੇ ਸੀ
ਉਹ ਕੁੱਲ ਲੋਕਾਈ ਦੇ ਹੱਕ ਸੱਚ ਜਿਨ ਪੱਲੇ ਸੀ
ਰਾਹ ਭੁੱਲ ਕੇ ਉਹਨਾਂ ਦਾ ਨਾ ਕੌਮਾਂ ਬਚਦੀਆਂ ।

ਉਹ ਸੂਰਤਾਂ ਵੇ ਲੋਕਾ ਕਿਸ ਮੁਲਖ ਨੇ ਵਸਦੀਆਂ
ਜਿਹਨਾਂ ਨੂੰ ਵੇਖਣ ਲਈ ਅੱਖੀਆਂ ਨੇ ਤਰਸਦੀਆਂ ।

# ਮੈਨੂੰ ਨਫਰਤ ਹੈ

ਮੈਨੂੰ ਨਫਰਤ ਹੈ ਉਹਨਾਂ ਲੋਕਾਂ ਤੋਂ ਜੋ ਦਿਨ ਦੀਵੀਂ ਮੈਨੂੰ ਲੁੱਟਦੇ ਨੇ
ਮੈਨੂੰ ਤੋਲ ਕੇ ਨਾਲ ਸੰਗੀਨਾਂ ਦੇ ਮੇਰੇ ਖੂਨ ਦਾ ਭਾਅ ਵੀ ਪੁੱਛਦੇ ਨੇ।

ਮੈਂ ਪੁਰਜਾ ਵਿਚ ਮਸ਼ੀਨਾਂ ਨੇ ਮੇਰਾ ਇਨਸਾਨਾਂ ਵਿਚ ਨਾਂਅ ਨਾਹੀਂ
ਮੇਰੇ ਨਿੱਤ ਜੀਵਨ ਦੀਆਂ ਲੋੜਾਂ ਦੀ ਕੋਈ ਏਸ ਨਿਜ਼ਾਮ 'ਚੇ ਥਾਂਅ ਨਾਹੀਂ
ਮੇਰੇ ਜ਼ਜ਼ਬਾਤਾਂ ਨੂੰ ਜੜ੍ਹ ਤੋਂ ਫੜ ਉਹ ਸੁਗਲੀਂ ਸੁਗਲੀਂ ਪੁੱਟਦੇ ਨੇ।

ਹਰ ਗੀਵਨ ਜੋਗਾ ਸਿਰ ਤੇ ਇਕ ਅਸਮਾਨ ਉਠਾਈ ਫਿਰਦਾ ਹੈ
ਤੇ ਉਸ ਅਸਮਾਨ ਦੇ ਲੇਖੇ ਉਹ ਕੁੱਲ ਜ਼ਿੰਦਗੀ ਲਾਈ ਫਿਰਦਾ ਹੈ
ਅਸਮਾਨ ਮੇਰਾ ਉਹ ਮੇਰੇ ਤੇ ਕਰ ਧੂੰਆਂ ਧੂੰਆਂ ਸੁੱਟਦੇ ਨੇ।

ਕੱਲ੍ਹ ਰਾਤੀਂ ਤੱਕਿਆ ਸੁਪਨੇ ਵਿਚ ਸੀ ਆ ਕੇ ਲੈਨਿਨ ਬੋਲ ਰਿਹਾ
ਉਹ ਪਾਜ਼ ਸੀ ਪੂੰਜੀਪਤੀਆਂ ਦੇ ਮਜ਼ਦੂਰਾਂ ਅੱਗੇ ਖੋਲ੍ਹ ਰਿਹਾ
ਹੁਣ ਮੁਕਤੀ ਦੇ ਅਰਮਾਨ ਮੇਰੇ ਮਨ ਲਹਿਰਾਂ ਬਣ ਬਣ ਉਠਦੇ ਨੇ।

ਮੈਨੂੰ ਨਫਰਤ ਹੈ ਉਹਨਾਂ ਲੋਕਾਂ ਤੋਂ ਜੋ ਦਿਨ ਦੀਵੀਂ ਮੈਨੂੰ ਲੁੱਟਦੇ ਨੇ
ਮੈਨੂੰ ਤੋਲ ਕੇ ਨਾਲ ਸੰਗੀਨਾਂ ਦੇ ਮੇਰੇ ਖੂਨ ਦਾ ਭਾਅ ਵੀ ਪੁੱਛਦੇ ਦੇ।



# ਪਗੜੀ ਸੰਭਾਲ ਜੱਟਾ-2

ਅੱਜ ਤੇਰੀ ਜ਼ਿੰਦਗੀ ਤੇ ਮੌਤ ਦਾ ਸੁਆਲ ਉਏ
ਪੱਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ।

ਤਿਪ ਤਿਪ ਜ਼ਿੰਦਗੀ ਨੂੰ ਖੇਤਾਂ ਵਿਚ ਬੋਇਆ ਤੂੰ
ਫਿਰ ਵੀ ਨਾ ਪੈਲੀਆਂ ਦੇ ਹਾਣ ਦਾ ਵੇ ਹੋਇਆ ਤੂੰ
ਘੁਣ ਵਾਂਗੂੰ ਲੱਗੇ ਤੈਨੂੰ ਤੇਰੇ ਹੀ ਸੁਆਲ ਉਏ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ।

ਮਿੱਟੀ ਵਿਚੋਂ ਹੀਰਿਆ ਵੇ ਸੋਨਾ ਜੋ ਉਗਾਇਆ ਤੂੰ
ਪਿੜੋਂ ਚੱਲ ਮੰਡੀ ਤੱਕ ਸਾਰਾ ਹੀ ਲੁਟਾਇਆ ਤੂੰ
ਲੁੱਟੀ ਗਈ ਬਹਾਰ ਤੇਰੀ ਲੁੱਟ ਲਿਆ ਮਾਲ ਉਏ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ਼ ਉਏ।

ਹਾੜੀਆਂ ਦੇ ਸੇਕ 'ਚ ਤੂੰ ਬੂੰਦ ਬੂੰਦ ਘੁਲਦਾ
ਸਾਉਣੀਆਂ ਦੇ ਪੈਰਾਂ ਵਿਚ ਮਿੱਟੀ ਬਣ ਰੁਲਦਾ
ਘੁੱਟ ਘੁੱਟ ਪੀ ਗਏ ਤੈਨੂੰ ਹਾੜ੍ਹ ਤੇ ਸਿਆਲ ਉਏ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ।

ਚਿੱਟੀਆਂ ਦਿਹਾੜੀਆਂ ਸਿਆੜਾਂ 'ਚ ਦਬਾਈਆਂ ਤੂੰ
ਖੇਤਾਂ ਵਿਚ ਕਿੰਨੀਆਂ ਹੀ ਉਮਰਾਂ ਖਪਾਈਆਂ ਤੂੰ
ਕਬਰਾਂ ਨੇ ਬਣੇ ਕਾਹਤੋਂ ਤੇਰੇ ਆੜਾਂ ਖਾਲ ਉਏ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ।

ਕੋਠੇ ਕੋਠੇ ਹੋਈਆਂ ਧੀਆਂ ਹੰਝੂ ਹੰਝੂ ਅੱਖ ਵੇ
ਮੰਡੀਆਂ ਦੁਕਾਨਾਂ ਵਿਚ ਰੁਲੇ ਤੇਰੀ ਪੱਤ ਵੇ

ਢਹਿ ਗਿਆ ਅਕਾਸ਼ ਤੇਰਾ ਫਟਿਆ ਪਤਾਲ ਉਏ ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।

ਹਾਲੀਆ ਓ ਤੈਨੂੰ ਭਗਵਾਨ ਜਾਂਦਾ ਬੋਲਿਆ
ਲੋਟੂਆਂ ਸ਼ੈਤਾਨਾਂ ਤੈਨੂੰ ਪੈਰਾਂ ਵਿਚ ਰੋਲਿਆ
ਦੱਸੀਂ ਅੰਨ ਦਾਤਿਆ ਕੀ ਤੇਰਾ ਹਾਲ ਚਾਲ ਉਏ ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।

ਖਾ ਗਈ ਵੀਰਾ ਖਾਦ ਤੇਰੇ ਹੱਡਾਂ ਤਾਈਂ ਖੋਰ ਕੇ
ਲੈ ਗਿਆ ਉ ਦਾਣਾ ਦਾਣਾ ਰੱਤ ਨੂੰ ਨਿਚੋੜ ਕੇ
ਲੁੱਟਦੇ ਵਪਾਰੀ ਤੈਨੂੰ ਲੁੱਟੇ ਸਰਕਾਰ ਉਏ ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।

ਤੂਤਾਂ ਦੀਆਂ ਛਾਵਾਂ ਚੋਂ ਸਕੂਨ ਕਿਸ ਚੋਅ ਲਿਆ
ਹਾਸਿਆਂ 'ਚ ਫਿਕਰਾਂ ਦਾ ਜਹਿਰ ਕਿਸ ਘੋਲਿਆ
ਬੁਝ ਗਈਆਂ ਅੱਖਾਂ ਕਾਹਤੋਂ ਸੋਚ ਤੇ ਜੰਗਾਲ ਉਏ ।
ਪੱਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।

ਕੌਣ ਸੱਤਾਂ ਚੁੱਲ੍ਹਿਆਂ ਦੀ ਰਾਖ ਝੋਲੀ ਪਾ ਗਿਆ
ਕੱਚਿਆਂ ਭੜੋਲਿਆਂ ਦਾ ਨੇ੍ਰਾ ਤੈਨੂੰ ਖਾ ਗਿਆ
ਸੂਰਜਾ ਤੂੰ ਆਪਣੀਆਂ ਧੁੱਪਾਂ ਨੂੰ ਸੰਭਾਲ ਉਏ ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।

ਪੈਲੀਆਂ ਦੇ ਜੜਾਂ 'ਚ ਜ਼ਮੀਰ ਕਿਉਂ ਸੁੱਤੀ ਏ
ਉੱਚੀ ਚੁ਼ੱਕ ਹੋਰ ਉਚੀ ਨਜ਼ਰ ਜੋ ਉੱਠੀ ਏ
ਜਗਦੀਆਂ ਅੱਖਾਂ ਛਾਤੀ ਅੰਬਰਾਂ ਦੀ ਪਾੜ ਉਏ ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।



ਚਾਅ ਤੇਰੇ ਸੀਨੇ ਵਾਲੇ ਸੀਨੇ ਵਿਚ ਜੰਮ ਗਏ
ਭੰਗੜੇ ਨੂੰ ਉਠੇ ਪੈਰ ਫਿਕਰਾਂ 'ਚ ਥੰਮ੍ਹ ਗਏ
ਹੁਣ ਇਹਨਾਂ ਪੈਰਾਂ ਦਾ ਤੂਫਾਨ ਹੀ ਹੈ ਤਾਲ ਉਏ ।
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।

ਫੁੱਟੀਆਂ ਬਿਆਈਆਂ ਵਿਚੋਂ ਉੱਠਣ ਤੂਫਾਨ ਦੇ
ਨੱਪੇ ਹੋਏ ਹਉਕੇ ਨੂੰ ਖਰੂਦ ਬਣ ਜਾਣ ਦੇ
ਸਿਰ ਉਤੋਂ ਢਾਅ ਦੇ ਸਾਰੇ ਲੁੱਟ ਦੇ ਪਹਾੜ ਉਏ
ਪਗੜੀ ਸੰਭਾਲ ਜੱਟਾ ਪਗੜੀ ਸੰਭਾਲ ਉਏ ।

# ਚਾਰ

## ਦਰ ਦੁਆਰ

## ਕਿੱਸਾ ਪੰਜਾਬ

**ਕੱਲ੍ਹ ਦੀ ਕਥਾ :**

ਦੇਸਾਂ ਵਿਚੋਂ ਦੇਸ ਹੈ ਪੰਜਾਬ ਬੇਲੀਉ,
ਫੁੱਲਾਂ ਵਿਚੋਂ ਫੁੱਲ ਜਿਉਂ ਗੁਲਾਬ ਬੇਲੀਉ ।
ਜ਼ਮੀਂ ਉੱਤੇ ਜਿਵੇਂ ਸੁਰਗ ਉਤਾਰਾ ਹੈ,
ਰਹਿਮਤਾਂ ਤੇ ਰੌਣਕਾਂ ਦਾ ਬੋਲਬਾਲਾ ਹੈ ।
ਜੱਫੀਆਂ 'ਚ ਘੁੱਟ ਘੁੱਟ ਯਾਰ ਮਿਲਦੇ
ਰੂਹਾਂ ਤਾਈਂ ਰੂਹਾਂ ਦੇ ਪਿਆਰ ਮਿਲਦੇ ।
ਪਿਆਰ ਦੇ ਮੁਹਾਣਾਂ ਹਰ ਦਿਲ ਮੱਲਿਆ
ਖੁਸ਼ੀ ਵਿਚ ਖੀਵਾ ਪਿੰਡ ਮੇਲੇ ਚੱਲਿਆ ।

ਕਰਦੇ ਨੇ ਕੰਮ ਲੋਕੀ ਜਾਨ ਤੋੜ ਕੇ,
ਰੱਖ ਦੇਣ ਜ਼ਮੀਂ ਤੇ ਅਕਾਸ਼ ਜੋੜ ਕੇ ।
ਚਿੜੀਆਂ ਦੀ ਚੂਕ ਦੇ ਵਿਚੋਂ ਹੀ ਜਾਗਦੇ,
ਦਿਨੀਂ ਹੱਡ ਤੋੜ ਰਾਤੀਂ ਰਾਤਾਂ ਝਾਗਦੇ ।
ਬਲਦਾਂ ਦੇ ਗਲ ਛਣ ਛਣ ਟੱਲੀਆਂ,
ਸੁੱਤੀ ਹੋਈ ਜ਼ਮੀਂ ਨੂੰ ਜਗਾਉਣ ਚੱਲੀਆਂ ।
ਊਚ ਨੀਚ ਜਾਤ ਪਾਤ ਸਭ ਰਲਿਆ,
ਖੁਸ਼ੀ ਵਿਚ ਖੀਵਾ ਪਿੰਡ ਮੇਲੇ ਚੱਲਿਆ

ਕਿੱਲਿਆਂ ਤੇ ਬੱਝੀਆਂ ਨੇ ਮੱਝਾਂ ਬੂਰੀਆਂ,
ਮੱਖਣਾਂ 'ਚ ਗੁੰਨ੍ਹਦੀਆਂ ਹੂਰਾਂ ਚੂਰੀਆਂ ।
ਚਾਟੀ ਤੇ ਮਧਾਣੀ ਦਾ ਸੰਗੀਤ ਮਿੱਠੜਾ,
ਕਿਰਦਾ ਸੁਆਣੀ ਹੋਠੋਂ ਗੀਤ ਮਿੱਠੜਾ ।
ਦਿਨ ਸੁਦ ਕੋਈ ਤਿਵਹਾਰ ਆ ਗਿਆ,
ਖਿੜ ਉਠੇ ਦਿਲ ਲਹਿਰ ਬਹਿਰ ਲਾ ਗਿਆ।
ਲੱਗੀ ਇਕ ਹੇਕ ਅਸਮਾਨ ਹੱਲਿਆ
ਖੁਸ਼ੀ ਵਿਚ ਖੀਵਾ ਪਿੰਡ ਮੇਲੇ ਚੱਲਿਆ ।

ਜ਼ਿੰਦਗੀ ਤੇ ਜਦੋਂ ਵੀ ਕੋਈ ਭੀੜ ਆ ਪਵੇ
ਸਿਰ ਵਾਲੀ ਪੱਗ ਨੂੰ ਕੋਈ ਬਿੱਜ ਪੈ ਜਵੇ ।
ਡੌਲੇ ਫੁਰਕਾਉਂਦੇ ਮੁੱਛੀਂ ਵੱਟ ਚਾੜ੍ਹ ਕੇ,
ਖੜ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ।
ਹਿੰਦ ਉੱਤੇ ਧਾੜਵੀ ਕੋਈ ਆਵੇ ਚੜ੍ਹ ਕੇ
ਭਿੜ ਪੈਣ ਸੀਸ ਤਲੀ ਉੱਤੇ ਧਰ ਕੇ ।
ਭੰਗੜੇ ਦਾ ਜਿੱਤ ਕੇ ਅਖਾੜਾ ਮੱਲਿਆ
ਖੁਸ਼ੀ ਵਿਚ ਖੀਵਾ ਪਿੰਡ ਮੇਲੇ ਚੱਲਿਆ ।

**ਅੱਜ ਦੀ ਆਰਸੀ :**

ਡੁੱਬ ਰਿਹਾ ਦੁੱਖਾਂ ਵਿਚ ਪਿੰਡ ਡੁੱਬਿਆ
ਸਮੇਂ ਦਿਆਂ ਪੈਰਾਂ ਵਿਚ ਕੰਡਾ ਚੁੱਭਿਆ ।
ਸੱਖਣੇ ਭੜੋਲੇ ਹੋਈਆਂ ਹੇਰਾ ਫੇਰੀਆਂ,
ਵੱਢ ਖਾਣ ਆਉਂਦੀਆਂ ਨੇ ਰਾਤਾਂ ਨ੍ਹੇਰੀਆਂ ।
ਬਣ ਕੇ ਪਸੀਨਾ ਹਰ ਖ਼ਾਬ ਡੁੱਲਿਆ,
ਖੁਸ਼ੀਆਂ ਨੂੰ ਸਾਡਾ ਸਿਰਨਾਵਾਂ ਭੁੱਲਿਆ ।
ਹਾਜਤਾਂ ਦਾ ਹਲ ਸਾਡੇ ਦਿਲ ਵਾਹ ਗਿਆ
ਪੂੰਜੀਆ ਲੁਟੇਰਾ ਸਭ ਕੁੱਝ ਖਾ ਗਿਆ ।

ਗੁੰਮ ਗਏ ਨੇ ਯਾਰ ਸਾਥੋਂ ਖੋ ਗਏ ਭੰਗੜੇ,
ਖੁਸ਼ੀਆਂ ਤੋਂ ਸੱਖਣੇ ਨੇ ਹੋ ਗਏ ਭੰਗੜੇ ।
ਗਿੱਧਿਆਂ ਦੇ ਤਾਲ ਹਉਕਿਆਂ'ਚ ਥੰਮ੍ਹ ਗਏ,
ਦਿਲ ਰੋਇਆ ਹੰਝੂ ਨੈਣਾਂ ਵਿਚ ਜੰਮ ਗਏ ।
ਤੀਆਂ ਦਿਆਂ ਹੋਠਾਂ ਨੂੰ ਹੈ ਕੌਣ ਸੀਅ ਗਈ
ਕੁੜੀਆਂ ਦੇ ਹਾਸੇ ਨੂੰ ਸਰ੍ਹਾਲ ਪੀ ਗਈ ।
ਗਮ ਦਾ ਕੋਈ ਗੋਲਾ ਹਿੱਕੜੀ ਮਚਾ ਗਿਆ,
ਪੂੰਜੀਆ ਲੁਟੇਰਾ ਸਭ ਕੁੱਝ ਖਾ ਗਿਆ ।



ਕਿੱਥੇ ਗਈਆਂ ਕਿੱਲਿਆਂ ਤੋਂ ਮੱਝਾਂ ਬੂਰੀਆਂ,
ਸਾਉਣ ਦੀਆਂ ਝੜੀਆਂ 'ਚ ਖੀਰਾਂ ਪੂੜੀਆਂ ।
ਹਰ ਵਿਹੜੇ ਵਿਚ ਇਕ ਅੱਗ ਧੁਖਦੀ,
ਰੋਜ਼ ਹੀ ਸੁਆਣੀ ਨੂੰ ਮਧਾਣੀ ਪੁੱਛਦੀ ।
ਕਿਹੜੀ ਗੱਲੋਂ ਵੇਚਿਆ ਈ ਦੁੱਧ ਪੁੱਤ ਨੂੰ,
ਕੌਣ ਪੀ ਗਿਆ ਤੇਰੇ ਚਿਹਰੇ ਦੀ ਧੁੱਪ ਨੂੰ ।
ਬੋਲਦੀ ਸੁਆਣੀ ਬੋਲ ਹਉਕੇ ਆ ਗਿਆ,
ਪੂੰਜੀਆ ਲੁਟੇਰਾ ਸਭ ਕੁੱਝ ਖਾ ਗਿਆ ।

ਕਿਹੜੀ ਮਾਣੋ ਪੀ ਗਈ ਸਾਡੇ ਛੰਨੇ ਦੁੱਧ ਦੇ
ਕਾੜ੍ਹਨੀਆਂ ਵਿਚ ਅਰਮਾਨ ਭੁੱਜਦੇ ।
ਮੱਲਾਂ ਤਾਈਂ ਝੂਰਦੇ ਅਖਾੜੇ ਰਹਿ ਗਏ,
ਗਭਰੂ ਤਾਂ ਡਾਲਡੇ ਦੇ ਮਾਰੇ ਰਹਿ ਗਏ ।
ਸੱਤਿਆ ਤਾਂ ਖੋਹ ਕੇ ਸੱਤਾਧਾਰੀ ਲੈ ਗਏ,
ਜਾਂਦੇ ਹੋਏ ਕੰਨ ਵਿਚ ਗੱਲ ਕਹਿ ਗਏ:
ਭਾਗਾਂ ਦਾ ਹੈ ਖੇਲ ਸਾਰਾ ਭਾਗਾਂ ਵਾਲਿਆ,
ਪੂੰਜੀਆ ਲੁਟੇਰਾ ਸਭ ਕੁੱਝ ਖਾ ਗਿਆ ।

ਡੱਸ ਗਿਆ ਨਾਗ ਬੋਹੜ ਦੀਆਂ ਛਾਵਾਂ ਨੂੰ,
ਤਰਸਣ ਸਹੀਆਂ ਸਹੀਆਂ ਦੀਆਂ ਬਾਹਵਾਂ ਨੂੰ।
ਕਿਕਲੀਆਂ 'ਵਾ ਤੋਂ ਵਰੋਲੇ ਹੋ ਗੀਆਂ
ਦਿਲ ਦੀਆਂ ਦਿਲ 'ਚ ਦਫਨ ਹੋ ਗੀਆਂ ।
ਨਹੁੰਆਂ ਨਾਲੋਂ ਲੁਸ਼ ਲੁਸ਼ ਮਾਸ ਟੁੱਟਿਆ,
ਭੱਜੀਆਂ ਬਾਹਵਾਂ ਨੇ ਗਲਾ ਆਣ ਘੁੱਟਿਆ
ਚੌਹੀਂ ਕੂਟੀਂ ਨਫਰਤਾਂ ਦਾ ਹੜ੍ਹ ਆ ਗਿਆ,
ਪੂੰਜੀਆ ਲੁਟੇਰਾ ਸਭ ਕੁੱਝ ਖਾ ਗਿਆ ।

ਭੁੱਖ ਦਿਆਂ ਪੰਜਿਆਂ 'ਚੋਂ ਬਚ ਜਾਣ ਨੂੰ,
ਤੁਰ ਪਈ ਜੁਆਨੀ ਅਰਬ ਈਰਾਨ ਨੂੰ ।
ਖਿੜੀ ਰੁੱਤੇ ਮਾਹੀ ਪਰਦੇਸੀ ਹੋ ਗਿਆ,
ਪੈਸਾ ਦੇਖੋ ਮਾਂਗਾਂ 'ਚੋਂ ਸੰਧੂਰ ਧੋ ਗਿਆ ।
ਮੇਲੇ ਨੇ ਬੀਮਾਰ ਸੱਥਾਂ ਹੋਈਆਂ ਬੁੱਢੀਆਂ,
ਵਸਦਿਆਂ ਘਰਾਂ ਉਤੇ ਗਿੱਧਾਂ ਉਡੀਆਂ ।
ਜ਼ਿੰਦਗੀ ਦਾ ਡਰ ਮੌਤ ਨੂੰ ਡਰਾ ਗਿਆ,
ਪੂੰਜੀਆ ਲੁਟੇਰਾ ਸਭ ਕੁੱਝ ਖਾ ਗਿਆ ।

## ਹੁਣ ਦੀ ਹਾਕ :

ਫਿਰਕੂ ਜਨੂੰਨ ਦੀਆਂ 'ਵਾਵਾਂ ਚੱਲੀਆਂ,
ਵੱਖ ਵੱਖ ਸਾਂਝੀਆਂ ਹੋ ਰਾਵਾਂ ਚੱਲੀਆਂ ।
ਭਾਈਚਾਰਾ ਹੈ ਸੰਗੀਨਾਂ ਉੱਤੇ ਤੁਲਿਆ,
ਮਨਾਂ ਵਿਚ ਮਜ਼ਬਾਂ ਦਾ ਜ਼ਹਿਰ ਘੁਲਿਆ ।
ਹੇਰਾ ਫੇਰੀ ਵਾਲਾ ਹੈ ਹਿਸਾਬ ਹੋ ਗਿਆ,
ਜਲ੍ਹਿਆਂ ਦਾ ਬਾਗ ਹੈ ਪੰਜਾਬ ਹੋ ਗਿਆ ।
ਲਹੂ ਵਿਚ ਭਿੱਜਿਆ ਗੁਲਾਬ ਸਾਥੀਉ,
ਉੱਠੋ ਸਾਂਭੋ ਆਪਣਾ ਪੰਜਾਬ ਸਾਥੀਉ ।

ਸੰਨ ਸੰਤਾਲੀ 'ਚ ਜੋ ਪਈਆਂ ਵੰਡੀਆਂ,
ਕਿੰਨੀਆਂ ਸੁਹਾਗਣਾਂ ਸੀ ਹੋਈਆਂ ਰੰਡੀਆਂ ।
ਮਾਵਾਂ ਹੱਥੋਂ ਪੁੱਤਾਂ ਦੇ ਸੀ ਗਲ ਘੁੱਟ ਗਏ,
ਭੈਣਾਂ ਤੇ ਭਰਾਵਾਂ ਦੇ ਪਿਆਰ ਟੁੱਟ ਗਏ ।
ਉਹੀ ਹੈ ਜਨੂੰਨ ਫਿਰ ਚੜ੍ਹੀ ਆ ਰਿਹਾ,
ਹਿੰਦੂ ਅਤੇ ਸਿੱਖ ਦੇ ਜੋ ਨਾਹਰੇ ਲਾ ਰਿਹਾ ।
ਏਕੇ ਵਾਲਾ ਬਣਕੇ ਫੌਲਾਦ ਸਾਥੀਉ,
ਉੱਠੋ ਸਾਂਭੋ ਆਪਣਾ ਪੰਜਾਬ ਸਾਥੀਉ ।



ਸੰਨ ਸੰਤਾਲੀ ਦੀ ਨਾ ਯਾਦ ਭੁੱਲਿਉ,
ਮਜ਼ਬਾਂ ਦੀ ਨ੍ਹੇਰੀ ਵਿਚ ਮੱਤ ਝੁੱਲਿਓ ।
ਬਣਕੇ ਤੂਫਾਨ ਏਕਤਾ ਦਲੇਰੀ ਦਾ,
ਕਰਿਉ ਸਫਾਇਆ ਬੰਦੇ ਖਾਣੀ ਨ੍ਹੇਰੀ ਦਾ ।
ਸਤਲੁਜ ਬਿਆਸ ਦੀਆਂ ਪਾਉਣ ਵੰਡੀਆਂ,
ਪੁੱਛੋ ਉਹਨਾਂ ਕੋਲੋਂ ਪੁੱਛੋ ਫੜ ਘੰਡੀਆਂ :
ਕਿੱਥੇ ਸਾਡੀ ਰਾਵੀ ਤੇ ਚਨਾਬ ਸਾਥੀਉ ।
ਉੱਠੋ ਸਾਂਭੋ ਆਪਣਾ ਪੰਜਾਬ ਸਾਥੀਉ ।

ਹਿੰਦੂ ਸਿਖ ਮੁਸਲਮ ਸਭ ਸਾਥੀਉ,
ਇਕ ਹੈ ਪੰਜਾਬ ਨਹੀਂ ਅਲੱਗ ਸਾਥੀਉ,
ਇੱਕੋ ਸਾਡਾ ਵਿਰਸਾ ਤੇ ਖੂਨ ਇਕ ਹੈ,
ਜ਼ੁਲਮਾਂ ਖਿਲਾਫ ਮਜ਼ਮੂਨ ਇਕ ਹੈ ।
ਟੋਪੀ ਅਤੇ ਪੱਗ ਦੀ ਲੜਾਈ ਕੋਈ ਨਾ,
ਲਾਲੋ ਭਾਗੋ ਵਿਚ ਸਮਝਾਈ ਕੋਈ ਨਾ ।
ਕਰ ਦਿਉ ਐਲਾਨ ਜ਼ਿੰਦਾਬਾਦ ਸਾਥੀਉ,
ਉੱਠੋ ਸਾਂਭੋ ਆਪਣਾ ਪੰਜਾਬ ਸਾਥੀਉ ।

ਵੱਖ ਕਦੀ ਹੋਇਆ ਨਾ ਹੀ ਹੋ ਸਕਨਾ,
ਲਾਲਾ ਹਰਦਿਆਲ ਤੇ ਸਰਾਭਾ ਭਕਨਾ ।
ਫਿਰਕੂ ਜਨੂੰਨੀਆਂ ਦੀ ਪਿੱਟੋ ਮੱਤ ਨੂੰ,
ਭਗਤ ਸਿੰਘ ਮਾਰੂ ਕਿੱਦਾਂ ਲਾਜਪਤ ਨੂੰ ।
ਮਜ਼ਬਾਂ ਦਾ ਜ਼ਹਿਰ ਦਿਲ ਖੋਟੇ ਹੋ ਜਵੇ,
ਦੇਖੋ ਕੌਣ ਚਾਹੁੰਦਾ ਟੋਟੇ ਟੋਟੇ ਹੋ ਜਵੇ
ਰਾਮ ਮੁਹੰਮਦ ਸਿੰਘ ਅਜ਼ਾਦ ਸਾਥੀਉ ।
ਉੱਠੋ ਸਾਂਭੋ ਆਪਣਾ ਪੰਜਾਬ ਸਾਥੀਉ ।

ਡੋਲਣ ਜਦ ਤਾਜ਼ ਲੋਟੂਆਂ ਦੀ ਲੁੱਟ ਦੇ,
ਕਦਰਾਂ ਤੇ ਕੀਮਤਾਂ ਨੂੰ ਉਹ ਨਾ ਪੁੱਛਦੇ ।
ਵੇਲਾ ਹੈ ਕਿ ਆਪਾਂ ਵੀ ਨਿਗਾਹ ਮਾਰੀਏ,
ਕੂੜਾ ਹੋਈਆਂ ਕੀਮਤਾਂ ਵਗਾਹ ਮਾਰੀਏ ।
ਤੋੜੋ ਸਿਰ ਸੜੀਆਂ ਇਹ ਸਰਦਾਰੀਆਂ,
ਘਸ ਪਿਟ ਚੁੱਕੀਆਂ ਇਹ ਜ਼ੈਲਦਾਰੀਆਂ ।
ਛੇੜੋ ਨਵੇਂ ਯੁੱਗ ਦਾ ਕੋਈ ਰਾਗ ਸਾਥੀਓ,
ਉੱਠੋ ਸਾਂਭੋ ਆਪਣਾ ਪੰਜਾਬ ਸਾਥੀਓ,

ਜਾਤ ਪਾਤ ਭੇਦ ਭਾਵ ਦਿਲੋਂ ਕੱਢ ਕੇ,
ਕਿਰਤਾਂ ਦੇ ਸਾਂਝੇ ਰਿਸ਼ਤੇ 'ਚ ਬੱਝ ਕੇ ।
ਵੰਝਲੀ 'ਚ ਮਾਰੋ ਐਸੀ ਫੂਕ ਬੇਲੀਉ,
ਸਭਨਾਂ ਦਾ ਦੁੱਖ ਸਾਂਝੀ ਹੂਕ ਬੇਲੀਉ ।
ਲੋਕ ਸੰਗਰਾਮ ਦਾ ਅਖਾੜਾ ਮੱਲ ਕੇ,
ਕੁੱਟ ਕੱਢੋ ਲੋਟੂ ਢਾਣੇ ਨੂੰ ਦਬੱਲ ਕੇ ।
ਏਕਤਾ ਦੀ ਬਾਲ ਕੇ ਮਤਾਬ ਸਾਥੀਉ,
ਉੱਠੋ ਸਾਂਭੋ ਆਪਣਾ ਪੰਜਾਕ ਸਾਥੀਉ ।

**ਵਗਦਾ ਆਬ** :

ਸਤਲੁਜ ਵਾਂਗ ਸਮਾਂ ਰਹੇ ਵਗਦਾ,
ਇਹੀਉ ਰਾਜ਼ ਰੋਜ਼ ਬਦਲ ਰਹੇ ਜੱਗ ਦਾ ।
ਵਗੂ ਜੋ ਵਿਰੁੱਧ ਸਮਿਆਂ ਦੇ ਰੋੜ੍ਹ ਦੇ,
ਤਵਾਰੀਖ ਉਹਨੂੰ ਲੰਘ ਜਊ ਮਧੋਲ ਕੇ ।
ਸਮਿਆਂ ਦੀ ਤੋਰ ਵਿਚ ਪੈਰ ਧਰਕੇ,
ਯੁੱਗ ਦੀ ਲਗਾਮ ਹੱਥ ਵਿਚ ਫੜ ਕੇ ।
ਅੱਡੀ ਉੱਤੇ ਦੇਵੋ ਜ਼ਰਾ ਦਾਬ ਸਾਥੀਉ,
ਉੱਠੋ ਸਾਂਭੋ ਆਪਣਾ ਪੰਜਾਬ ਸਾਥੀਉ ।